ਸ੍ਰੀ ਮਦ

# ਭਗਵਤ ਗੀਤਾ

ਰਾਜਾ ਸਰ ਦਲਜੀਤ ਸਿੰਘ



ਭਾਸ਼ਾ ਵਿਭਾਗ, ਪੰਜਾਬ

# ਸ੍ਰੀ ਮਦ
# ਭਗਵਤ ਗੀਤਾ

ਰਾਜਾ ਸਰ ਦਲਜੀਤ ਸਿੰਘ

ਭਾਸ਼ਾ ਵਿਭਾਗ, ਪੰਜਾਬ

**ਪ੍ਰਕਾਸ਼ਕ :**
ਡਾਇਰੈਕਟਰ : ਭਾਸ਼ਾ ਵਿਭਾਗ, ਪਟਿਆਲਾ

SRIMAD BHAGWAT GITA

(IN PUNJABI)

by

RAJA SIR DALJIT SINGH

ਪੁਨਰ ਪ੍ਰਕਾਸ਼ਨ ਜਨਵਰੀ, 1971

ਕੀਮਤ---1 ਰੁਪਿਆ 35 ਪੈਸੇ

ਛਾਪਕ :
ਗੁਰਮੁਖ ਸਿੰਘ
ਸਾਧੂ ਪ੍ਰਿੰਟਿੰਗ ਪ੍ਰੈਸ, ਖਿੰਗਰਾਂ ਗੇਟ, ਜਲੰਧਰ ਸ਼ਹਿਰ

## ਦੋ ਸ਼ਬਦ

ਭਗਵਤ ਗੀਤਾ ਭਾਰਤ ਦੇ ਕਲਾਸਕੀ ਸਾਹਿਤ ਵਿਚ ਬਹੁਤ ਮਹੱਤਤਾ ਰੱਖਦੀ ਹੈ । ਬਾਕੀ ਭਾਰਤੀ ਜ਼ਬਾਨਾਂ ਵਿਚ ਰਮਾਇਣ ਅਤੇ ਮਹਾਂ ਭਾਰਤ ਦੇ ਮਹਾਂ ਕਾਵਾਂ ਉੱਤੇ ਅਧਾਰਤ ਬਹੁਤ ਜ਼ਿਆਦਾ ਸਾਹਿਤ ਰਚਿਆ ਗਿਆ। ਉਸ ਸਾਹਿਤ ਵਿਚ ਸ੍ਰੀ ਮਦ ਭਗਵਤ ਗੀਤਾ ਦਾ ਫਲਸਫਾ ਅਨੇਕ ਪੱਖਾਂ ਤੋਂ ਪੇਸ਼ ਕੀਤਾ ਗਿਆ। ਭਾਵੇਂ ਪੰਜਾਬੀ ਵਿਚ ਬਹੁਤ ਜ਼ਿਆਦਾ ਸਾਹਿਤ ਇਹਨਾਂ ਮਹਾਂ ਕਾਵਾਂ ਬਾਰੇ ਨਹੀਂ ਮਿਲਦਾ ਪਰ ਭਗਵਤ ਗੀਤਾ ਦੇ ਮੌਲਿਕ ਜਾਂ ਅਨੁਵਾਦਤ ਰੂਪ ਵੱਖ ਵੱਖ ਸਮੇਂ ਤੇ ਤਿਆਰ ਕੀਤੇ ਗਏ।

ਰਾਜਾਸਰ ਦਲਜੀਤ ਸਿੰਘ ਉਹ ਮਹਾਨ ਪੰਜਾਬੀ ਸਨ ਜਿਨ੍ਹਾਂ ਨੇ ਪੰਜਾਬ ਅਤੇ ਪੰਜਾਬੀ ਨਾਲ ਸੰਬੰਧਤ ਸਾਹਿਤ ਅਜਿਹੇ ਕਾਲ ਵਿਚ ਰਚਿਆ ਜਦੋਂ ਸਾਡੀ ਭਾਸ਼ਾ ਜਾਂ ਕਲਚਰ ਨੂੰ ਪਰਫੁੱਲਤ ਕਰਨਾ ਬਹੁਤ ਹੀਨ ਅਤੇ ਤੁਛ ਕਾਰਜ ਸਮਝਿਆ ਜਾਂਦਾ ਸੀ। ਰਾਜਾ ਸਾਹਿਬ ਦੀ ਪੰਜਾਬੀ ਵਾਰਤਕ ਵਿਚ ਅਨੁਵਾਦਤ ਸ੍ਰੀ ਮਦ ਭਗਵਤ ਗੀਤਾ ਇਸ ਵੇਲੇ ਦੁਰਲਭ ਪੁਸਤਕ ਹੈ। ਇਸ ਵਾਰਤਕ ਵਿਚ ਵਰਤੀ ਗਈ ਸ਼ਬਦਾਵਲੀ ਅਤੇ ਸ਼ਬਦ ਜੋੜਾਂ ਦੀ ਬਣਤਰ ਹੁਣ ਨਾਲੋਂ ਕੁਝ ਵੱਖਰੀ ਜਾਪੇਗੀ । ਅਸਾਂ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਤਾਂ ਜੋ ਅਸੀਂ ਪੁਨਰ ਪ੍ਰਕਾਸ਼ਤ ਦੀ ਮਰਿਆਦਾ ਅਤੇ ਢੰਗ ਕਾਇਮ ਰੱਖ ਸਕੀਏ। ਭਾਸ਼ਾ ਵਿਭਾਗ ਨੇ ਇਸ ਦਾ ਪੁਨਰ ਪ੍ਰਕਾਸ਼ਨ ਇਸ ਲਈ ਕਰ ਦਿੱਤਾ ਹੈ ਤਾਂ ਜੋ ਅਜੋਕੇ ਪਾਠਕ ਪਹਿਲੇ ਲੇਖਕਾਂ ਦੀਆਂ ਘਾਲਨਾਵਾਂ ਤੋਂ ਜਾਣੂ ਹੋ ਸਕਣ ਅਤੇ ਸਾਰੇ ਪੰਜਾਬੀ ਪਾਠਕ ਇਸ ਤੋਂ ਲਾਭ ਉਠਾ ਸਕਣ ।

ਲਾਲ ਸਿੰਘ,

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ।

ੴ

## ਪਿਹਲੇ ਅਧਜਾਯ ਦਾ ਸਾਰ

ਜੇ ਗੀਤਾ ਨੂੰ ਮਹਾਂਭਾਰਤ ਤੋਂ ਅਲਗ ਕਰ ਲਿਆ ਜਾਵੇ ਤਾਂ ਇਸ ਦਾ ਰੂਪਕ ਇਸ ਪ੍ਰਕਾਰ ਹੋਵੇਗਾ :-

ਅਰਜਨ=ਜੀਵਾਤਮਾ।

ਰਥ ਮਏ ਘੋੜਿਆਂ ਦੇ=ਸਰੀਰ, ਇੰਦ੍ਰੇ ਅਤੇ ਤਿਨ ਗੁਣ ।

ਧ੍ਰੂਜਾ ਤੇ ਹਨੂਮਾਨ ਦੀ ਤਸਵੀਰ=ਮਨ ਦੀ ਚੰਚਲਤਾ ।

ਸਾਰਥੀ (ਰਥਵਾਹੀ)=ਪਰਮਾਤਮਾ ਜੋ ਇਸ ਦੇਹਿ ਵਿਚ ਸਾਖੀ ਹੈ ।

ਦੁਤਰਫੀ ਕੌਰਵ ਤੇ ਪਾਂਡਵ ਫੌਜਾਂ =ਅਵਗੁਣ ਤੇ ਗੁਣ।

ਜਿਵੇਂ ਅਛਾਈ ਬੁਰਾਈ ਦੋਹਾਂ ਦਾ ਮੁਢ ਇਕੋ ਹੀ ਹੈ। ਇਸੇ ਤਰ੍ਹਾਂ ਇਹ ਦੋਵੇਂ ਪਾਸੇ ਜੀਵ ਰੂਪੀ ਅਰਜਨ ਦੇ ਆਪਣੇ ਹਨ।

ਪਹਿਲੇ ਜਦ ਜੀਵ ਨੂੰ ਇਸ ਜਗਤ ਤੋਂ ਉਪਰਾਮਤਾ ਤੇ ਸ਼ਾਂਤੀ ਦੀ ਪ੍ਰਾਪਤੀ ਦੀ ਇੱਛਾ ਉਤਪਨ ਹੁੰਦੀ ਹੈ, ਪਰ ਜਨਮ ਜਨਮਾਂਤਰਾਂ ਦੇ ਸੰਗ ਕਰਕੇ ਜੀਵ ਮਹਿਸੂਸ ਕਰਦਾ ਹੈ ਕਿ ਇਨ੍ਹਾਂ ਵਿਸ਼ੇ ਵਿਕਾਰਾਦਿ ਬਗੈਰ ਉਸਦਾ ਜੀਵਣ ਤੇ ਰਾਜ ਭੋਗ ਸਭ ਵਿਅਰਥ ਹਨ, ਇਸ ਲਈ ਇਸ ਸ਼ਤ੍ਰੂ ਸੈਨਾ (ਵਿਸ਼ੇ ਵਿਕਾਰਾਦਿ) ਨੂੰ ਦਮਨ ਕਰਨ ਅਥਵਾ ਤੁਰਤ ਦੂਰ ਕਰਨ ਲਈ ਉਹ ਆਪਣੇ ਆਪ ਨੂੰ ਅਸਮਰੱਥ ਦੇਖਦਾ ਹੈ । ਆਪਣੇ ਆਪ ਨੂੰ ਅਜੇਹਾ ਅਸ਼ਕਤ ਦੇਖ ਕੇ ਉਸ ਨੂੰ ਬੜਾ ਦੁਖ ਹੁੰਦਾ ਹੈ, ਕਿਉਂਕਿ ਨਾ ਤਾਂ ਉਹ ਉਨ੍ਹਾਂ ਨੂੰ ਇਕ ਦੱਮ ਮਾਰਨਾ ਯਾ ਦੂਰ ਕਰਨਾ ਚਾਹੁੰਦਾ ਹੈ, ਅਤੇ ਨਾ ਹੀ-ਜੋ ਥੋੜਾ ਬਹੁਤ ਗਿਆਨ ਉਸ ਨੂੰ ਹੋ ਚੁਕਾ ਹੈ, ਉਸ ਕਰਕੇ—ਉਹ ਬਿਲਕੁਲ ਇਨਕਾਰ ਹੀ ਕਰ ਸਕਦਾ ਹੈ । ਅਜੇਹੀ ਦੁਤਰਫੀ ਮਾਰ ਅਥਵਾ

ਕਠਨਤਾ ਵਿਚ, ਜਦ ਉਸ ਦੀ ਕੁਝ ਪੇਸ਼ ਨਹੀਂ ਜਾਂਦੀ, ਜਦ ਉਸ ਨੂੰ ਕਿਸੇ ਪਾਸਿਓਂ ਕੋਈ ਸਹਾਰਾ, ਆਸਰਾ ਨਹੀਂ ਮਿਲਦਾ, ਤਦ ਉਹ ਹਾਰ ਕੇ ਈਸ਼੍ਵਰ ਪਰਮਾਤਮਾ ਦੀ ਸਰਣ ਲੈਂਦਾ ਹੈ, ਇਸ ਦਾ ਫਲ ਇਹ ਹੁੰਦਾ ਹੈ, ਕਿ ਜੀਵ ਜੋ ਅਗੇ ਇਦ੍ਰੇ ਮਨ ਬੁੱਧੀ ਆਦਿ ਦਾ ਚਲਾਇਆ ਹੋਇਆ ਚਲਦਾ ਤੇ ਵਿਸ਼ਿਆਂ ਵਿਚ ਖਚਤ ਹੈ, ਹੁਣ ਪਰਮਾਤਮਾ ਰੂਪੀ ਸਾਰਥੀ ਦੀ ਰਖਵਾਲੀ ਤੇ ਪ੍ਰਧਾਨਤਾ ਹੇਠ, ਨਿਸਚਿੰਤ ਚਲਦਾ ਹੋਇਆ, ਅੰਦਰਲੇ ਮਹਾਂ ਭਾਰਤ ਰੂਪੀ ਯੁਧ ਨੂੰ ਜਿਤ ਕੇ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ ਅਤੇ ਤਮਾਮ ਦੁਖਾਂ ਕਲੇਸ਼ਾਂ ਤੋਂ ਛੁਟ ਜਾਂਦਾ ਹੈ ।

ਅਰਜਨ ਦੀ ਬੇਨਤੀ ਨੂੰ ਮੰਨ ਕੇ ਸ਼੍ਰੀ ਕ੍ਰਿਸ਼ਨ ਭਗਵਾਨ ਉਸ ਦੇ ਰਥ ਨੂੰ ਦੋਹਾਂ ਦਲਾਂ ਦੇ ਵਿਚਕਾਰ ਜਾ ਖੜਾ ਕਰਦੇ ਹਨ, ਅਰਜਨ ਦੁਤਰਫੀਂ ਆਪਣੇ ਹੀ ਸੰਬੰਧੀ ਦੇਖਿ, ਮੋਹ ਬਸਿ ਹੋ, ਸ਼ਤ੍ਰੂਆਂ ਨੂੰ ਮੁਰਾਨੋਂ ਸੰਕੋਚ ਤੇ ਲੜਨੋਂ ਇਨਕਾਰ ਕਰਦਾ ਹੈ, ਇਹੀ ਇਸ ਅਧਯਾਯ ਦਾ ਸਾਰ ਹੈ।

-0-

# ਪਹਿਲਾ ਅਧਜਾਯ

ਧ੍ਰਿਤਰਾਸਟਰ ਨੇ ਪੁੱਛਿਆ:-

ਹੇ ਸੰਜਯ ! ਧਰਮਸਥਾਨ ਕੁਰੁਛੇਤਰ ਵਿਚ ਲੜਾਈ ਲਈ ਇਕੱਠੇ ਹੋਏ ਹੋਏ ਮੇਰੇ ਅਤੇ ਪਾਂਡੋ ਪੁਤਰਾਂ ਨੇ ਕੀ ਕੁਛ ਕੀਤਾ ਹੈ ?॥1॥

ਸੰਜਯ ਨੇ ਕਿਹਾ

ਉਸ ਸਮੇਂ ਰਾਜਾ ਦੁਰਯੋਧਨ ਨੇ ਪਾਂਡਵਾਂ ਦੀ ਸੈਨਾ ਨੂੰ ਦੇਖ ਕੇ ਆਪਣੇ ਗੁਰੂ ਦ੍ਰੋਣਾਚਾਰਯ ਪਾਸ ਜਾ ਕੇ ਕਿਹਾ॥2॥

ਹੇ ਆਚਾਰਯ । ਦੇਖੋ ! ਆਪ ਦੇ ਬੁਧੀਵਾਨ ਚੇਲੇ ਦ੍ਰਪਦ ਦੇ ਪੁਤਰ ਨੇ ਪਾਂਡਵਾਂ ਦੀ ਬੜੀ ਭਾਰੀ ਸੈਨਾ ਕਿਵੇਂ ਸੁਹਣੀ ਤਰਾਂ ਜਮਾਈ ਹੈ॥3॥

ਇਸ ਸੈਨਾ ਵਿਚ ਬੜੇ ਬੜੇ ਧਨੁਖ ਧਾਰੀ ਭੀਮ ਤੇ ਅਰਜਨ ਜੇਹੇ ਜੋਧੇ ਯੁਯਧਾਨ, ਵਿਰਾਟ ਤੇ ਰਾਜਾ ਦ੍ਰਪਦ ਵਰਗੇ ਮਹਾਂਰਥੀ[1] ਹਨ॥4॥

ਅਤੇ ਧ੍ਰਿਸ਼ਟ ਕੇਤੁ, ਚੇਕਿਤਾਨ, ਬਲਵਾਨ ਕਾਂਸ਼ੀ ਦਾ ਰਾਜਾ, ਪੁਰੂਜਿਤ, ਕੁੰਤਿਭੋਜ ਅਤੇ ਉਤਮ ਪੁਰਸ਼ ਸ਼ੈਬਯ॥5॥

ਹਿਮਤੀ ਯੁਧਾਮਨੁਯ, ਬਲਵਾਨ ਉਤਮੌਜਾ, ਸੁਭੱਦ੍ਰਾ ਦਾ ਪੁਤਰ ਅਭਿਮੱਨੂ ਅਤੇ ਦ੍ਰੌਪਦੀ ਦੇ ਪੰਜੇ ਪੁਤ੍ਰ, ਇਹ ਸਾਰੇ ਮਹਾਂਰਥੀ ਹਨ ॥ 6॥

ਹੇ ਬ੍ਰਾਹਮਣ ਦੇਵਤਾ ! ਮੇਰੀ ਸੈਨਾ ਵਿਚ ਜਿਹੜੇ ਮੁਖੀ ਸੂਰਮੇ ਸੈਨਾ ਪਤੀ ਹਨ, ਆਪ ਦੀ ਜਾਣਕਾਰੀ ਲਈ ਮੈਂ ਉਨ੍ਹਾਂ ਦੇ ਨਾਮ ਭੀ ਦਸਦਾ ਹਾਂ॥7॥

ਆਪ, ਭੀਸ਼ਮ ਜੀ, ਕਰੁਣ ਅਤੇ ਸੰਗ੍ਰਾਮ ਵਰਾਈ ਕ੍ਰਿਪਾਚਾਰਯ, ਹੋਰ ਅਜੇਹੇ ਹੀ, ਅਸ੍ਵਥਾਮਾ, ਵਿਕਰਣ ਅਤੇ ਸੋਮ ਦਤ ਦਾ ਪੁਤ੍ਰ ਭੂਰਿਸ਼੍ਰਵ ਹਨ॥8॥

---

[1]ਮਹਾਂਰਥੀਅਜ ਕਲ ਦੇ ਵਡੇ ਜਰਨੈਲ ਦੇ ਬਰਾਬਰ ਦੀ ਪਦਵੀ ।

ਹੋਰ ਭੀ ਬਹੁਤ ਸਾਰੇ ਸੂਰਮੇ ਹਨ, ਜੋ ਅਨੇਕ ਪ੍ਰਕਾਰ ਦੇ ਸ਼ਸਤ੍ਰ ਅਸ਼ਤ੍ਰਾਂ ਨਾਲ ਸਨੱਧ ਬੱਧ ਮੇਰੀ ਲਈ ਜਾਨਾਂ ਵਾਰਨ ਨੂੰ ਤਿਆਰ ਹਨ॥9॥

ਭੀਸ਼ਮ ਜੀ ਦੀ ਦੇਖ ਭਾਲ ਵਿਚ ਭੀ ਸਾਡੀ ਸੈਨਾ ਅਧੂਰੀ ਅਤੇ ਭੀਮ ਦੀ ਅਗਵਾਈ ਵਿਚ ਉਨ੍ਹਾਂ ਦੀ ਸੈਨਾ ਪੂਰਨ ਦਿਸਦੀ ਹੈ॥10॥

ਇਸ ਲਈ ਤੁਸੀ ਸਾਰੇ ਹੀ ਆਪਣੀ ਆਪਣੀ ਥਾਂ ਮੋਰਚਿਆਂ ਤੇ ਪੱਕੇ ਰਹਿੰਦੇ ਹੋਏ, ਹਰ ਪਾਸਿਓਂ ਭੀਸ਼ਮ ਜੀ ਦੀ ਰਖਿਆ ਕਰੋ!॥11॥

ਉਸ (ਦੁਰਯੋਧਨ) ਦੇ ਹੌਂਸਲੇ ਨੂੰ ਵਧਾਉਦਿਆਂ ਹੋਇਆਂ ਬੜੇ ਪ੍ਰਤਾਪੀ ਭੀਸ਼ਮ ਪਿਤਾਮਾ ਨੇ ਸ਼ੇਰ ਵਾਂਗ ਗਰਜ ਕੇ ਉੱਚੀ ਸੁਰ ਵਿਚ ਆਪਣਾ ਸੰਖ ਬਜਾਇਆ॥12॥

ਇਸ ਪਿਛੋਂ ਸੰਖ, ਨਗਾਰੇ, ਢੋਲ, ਮ੍ਰਿਦਿੰਗ ਅਤੇ ਨਰਸਿੰਘੇ ਆਦਿਕ ਅਨੇਕ ਤਰਾਂ ਦੇ ਰਣ ਬਾਜੇ ਇੱਕੋ ਵਾਰ ਬੱਜ ਉੱਠੇ, ਜਿਸ ਕਰਕੇ ਬੜਾ ਭਿਅੰਕਰ ਸ਼ਬਦ ਹੋਇਆ।॥13॥

ਇਸ ਪਿਛੋਂ (ਓਧਰੋਂ) ਸਫੈਦ ਘੋੜਿਆਂ ਵਾਲੇ ਸੁਹਣੇ ਰਥ ਵਿਚ ਬੈਠੇ ਸ੍ਰੀ ਕ੍ਰਿਸ਼ਨ ਅਤੇ ਅਰਜਨ ਨੇ ਭੀ ਆਪਣੇ ਕਮਾਲ ਦੇ ਸੰਖ ਬਜਾਏ॥14॥

ਸ੍ਰੀ ਕ੍ਰਿਸ਼ਨ ਮਹਾਰਾਜ ਨੇ ਪੰਚਜਨ, ਅਰਜਨ ਨੇ ਦੇਵਦੱਤ ਅਤੇ ਬਲੀ ਭੀਮ ਸੈਨ ਨੇ ਆਪਣਾ ਪੌਂਡਰ ਨਾਮੇ ਸੰਖ ਬਜਾਇਆ॥15॥

ਕੁੰਤੀ ਪੁਤ੍ਰ ਰਾਜਾ ਯੁਧਿਸ਼ਟਰ ਨੇ ਅਨੰਤ ਵਿਜੈ ਅਤੇ ਨਕੁਲ ਸਹਿਦੇਵ ਨੇ ਸੁਘੋਸ਼ ਅਤੇ ਮਣੀ-ਪੁਸ਼ਪਕ ਸੰਖ ਬਜਾਏ॥16॥

ਸੁਹਣੇ ਧਨੁਖ ਵਾਲਾ ਕਾਸ਼ੀ ਰਾਜ, ਮਹਾਂਰਥੀ ਸਿਖੰਡੀ, ਧ੍ਰਿਸ਼ਟ ਦੁਮਨ ਤੇ ਅਜਿਤ ਸਾਤਕੀ ॥17 ॥

ਰਾਜਾ ਦ੍ਰਪਦ, ਦ੍ਰੋਪਦੀ ਦੇ ਪੰਜੇ ਪੁਤ੍ਰ ਅਤੇ ਲੰਮੀਆਂ ਬਾਹਾਂ ਵਾਲੇ ਸਭੱਦ੍ਰਾ ਦੇ ਪੁੱਤ੍ਰ ਅਭਿਮੱਨੂ, ਇਨ੍ਹਾਂ ਸਭਨਾ ਨੇ—ਹੇ ਰਾਜਨ- ਆਪਣੇ ਆਪਣੇ ਸੰਖ ਬਜਾਏ॥18 ॥

ਇਹ ਭਿਆਨਕ ਸ਼ਬਦ ਧਰਤਿ ਅਕਾਸ਼ ਨੂੰ ਗੁੰਜਾਉਂਦਾ ਹੋਇਆ (ਧ੍ਰਿਤਰਾਸ਼ਟ ਦੇ ਪੁਤ੍ਰ) ਕੌਰਵਾਂ ਦੇ ਹਿਰਦੇ ਪਾੜਨ ਲੱਗਾ॥19॥

ਇਸ ਦੇ ਪਿਛੋਂ — ਜਦ ਸ਼ਸਤ੍ਰ ਚਲਾਉਣ ਦੀ ਤਿਆਰੀ ਹੋ ਰਹੀ ਸੀ,-ਖੜੇ ਹੋਏ ਹੋਏ ਧ੍ਰਿਤਰਾਸ਼ਟ੍ਰ ਦੇ ਪੁਤ੍ਰਾਂ (ਕੋਰਵਾਂ) ਵਲ ਦੇਖਦੇ ਹੋਇਆਂ ਅਰਜਨ ਨੇ—ਜਿਸ ਦੇ ਝੰਡੇ ਤੇ ਹਨੂਮਾਨ ਦੀ ਮੂਰਤਿ ਹੈ,—ਧਨੁਖ ਚੁਕ ਕੇ॥20॥

ਹੇ ਰਾਜਨ ! ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਕਿਹਾ 'ਹੇ ਅਚੁੱਤ ਮੇਰੇ ਰਥ ਨੂੰ ਦੋਹਾਂ ਦਲਾਂ ਦੇ ਵਿਚਕਾਰ ਲੈ ਜਾ ਕੇ ਖੜਾ ਕਰੋ॥21॥

ਤਾਂ ਕੇ ਇਨ੍ਹਾਂ ਲੜਨ ਮਰਨ ਲਈ ਤਿਆਰ ਸੂਰਮਿਆਂ ਨੂੰ ਮੈਂ ਅਛੀ ਤਰਾਂ ਦੇਖ ਲਵਾਂ ਕਿ ਕਿਸ ਕਿਸ ਨਾਲ ਮੈਨੂੰ ਯੁਧ ਕਰਨਾ ਹੈ ?॥22॥

ਅਤੇ ਮੈਂ ਦੇਖਾਂ ਕਿ ਇਸ ਮੂਰਖ ਦੁਰਯੋਧਨ ਦਾ ਹਿਤੁ, ਕਰਨ ਵਾਲੇ ਏਥੇ ਕੌਣ ਕੌਣ ਇਕੱਠੇ ਹੋਏ ਹਨ॥23॥

ਹੇ ਰਾਜਨ ! ਅਰਜਨ ਦੀ ਇਹ ਪ੍ਰਾਰਥਨਾ ਸੁਣਕੇ ਸ੍ਰੀ ਕ੍ਰਿਸ਼ਨ ਭਗਵਾਨ ਨੇ ਉਸ ਉੱਤਮ ਰਥ ਨੂੰ ਦੋਹਾਂ ਦਲਾਂ ਦੇ ਵਿਚਕਾਰ ਜਾ ਖੜਾ ਕੀਤਾ॥24॥

ਭੀਸ਼ਮ, ਦ੍ਰੋਣਾਚਾਰਯ ਅਤੇ ਸਮੂਹ ਰਾਜਿਆਂ ਦੇ ਸਾਮ੍ਹਣੇ ਖੜੇ ਹੋ ਕੇ ਸ੍ਰੀ ਕ੍ਰਿਸ਼ਨ ਚੰਦ੍ਰ ਨੇ ਕਿਹਾ, 'ਹੇ ਅਰਜਨ ! ਇਨ੍ਹਾਂ ਇਕੱਠੇ ਹੋਏ ਹੋਏ ਕੌਰਵਾਂ ਨੂੰ ਦੇਖ ਲੈ॥25॥

ਓਥੇ ਅਰਜਨ ਨੇ ਸੌਹੇਂ ਖੜੇ ਚਾਚੇ, ਮਾਮੇ, ਬਾਬੇ, ਗੁਰੂ ਭਾਈ, ਸਾਥੀ, ਮਿੱਤ੍ਰ, ਭਤੀਜੇ, ਸਹੁਰੇ ਤੇ ਪੋਤ੍ਰੇ ਆਦਿ ਰਿਸ਼ਤੇਦਾਰ ਦੇਖੇ॥26॥

ਉਨ੍ਹਾਂ ਸਾਰੇ ਸੰਬੰਧੀਆਂ ਨੂੰ ਖੜੇ ਦੇਖਕੇ ਮੋਹ ਬਸ ਦਯਾ ਨਾਲ ਅਰਜਨ ਦਾ ਹਿਰਦਾ ਪਿਘਲ ਪਿਆ ਤੇ ਉਹ ਬਹੁਤ ਅਫਸੋਸ ਕਰਦਾ ਹੋਇਆ ਬੋਲਿਆ॥27॥

ਅਰਜਨ ਉਵਾਰ :-

ਹੇ ਕ੍ਰਿਸ਼ਨ ! ਲੜਾਈ ਲਈ ਡਟੇ ਖੜੇ ਇਨ੍ਹਾਂ ਸਜਣਾਂ ਮਿੱਤ੍ਰਾਂ ਤੇ ਸੰਬੰਧੀਆਂ ਨੂੰ ਦੇਖਕੇ॥28॥

ਮੇਰੇ ਅੰਗ ਝੂਠੇ ਪੈ ਰਹੇ ਹਨ, ਮੂੰਹ ਸੁਕਦਾ ਸਰੀਰ ਕੰਬਦਾ ਤੇ ਲੂ ਕੰਡੇ ਹੋ ਰਹੇ ਹਨ॥29॥

ਹਥੋਂ ਗਾਂਡੀਵ ਧਨੁਖ ਡਿਗ ਰਿਹਾ ਤੇ ਸਰੀਰ ਦੀ ਖੱਲ ਬਹੁਤ ਜਲ ਰਹੀ ਹੈ । ਮੇਰਾ ਮਨੁ ਚੱਕ੍ਰ ਜੇਹੇ ਵਿਚ ਪਿਆ ਹੋਇਆ ਘਬਰਾ ਰਿਹਾ ਹੈ। ਹੁਣ ਮੇਰੇ ਪਾਸੋਂ ਖੜਾ ਹੋਇਆ ਭੀ ਨਹੀਂ ਜਾਂਦਾ॥30॥

ਹੇ ਕੇਸ਼ਵ ! ਉਲਟੇ ਹੀ ਲਛਣ ਦਿਸਦੇ ਹਨ । ਲੜਾਈ ਵਿਚ ਆਪਣਿਆਂ ਨੂੰ ਮਾਰਕੇ ਮੈਨੂੰ ਕੋਈ ਲਾਭ ਭੀ ਨਹੀਂ ਦਿਸਦਾ॥31॥

ਹੇ ਕ੍ਰਿਸ਼ਨ ! ਮੈਂ ਜਿੱਤ ਨਹੀਂ ਚਾਹੁੰਦਾ, ਰਾਜ ਤੇ ਸੁਖਾਂ ਦੀ ਵੀ ਲੋੜ ਨਹੀਂ । ਹੇ ਗੋਬਿੰਦ ! ਰਾਜ ਲੈਣ ਦਾ ਭੋਗ ਭੋਗਣ ਦਾ ਸਗੋਂ ਜੀਵਣ ਦਾ ਭੀ ਕੀ ਫਾਇਦਾ ਹੈ ?॥32॥

ਜਿਨ੍ਹਾਂ ਲਈ ਅਸੀਂ ਰਾਜ ਭੋਗ ਅਤੇ ਸੁਖਾਂ ਆਦਿਕ ਨੂੰ ਲੋੜਦੇ ਹਾਂ ਉਹ ਤਾਂ ਸਾਰੇ ਧਨ ਅਤੇ ਪ੍ਰਾਣਾਂ ਦਾ ਮੋਹ ਤਿਆਗ ਕੇ ਲੜਨ ਮਰਨ ਲਈ ਡਟੇ ਖੜੇ ਹਨ ।॥33॥

ਗੁਰੂ,ਚਾਚੇ,ਤਾਏ,ਦਾਦੇ, ਮਾਮੇ ਤੇ ਸਹੁਰੇ ਆਦਿ ਬਜ਼ੁਰਗ, ਮੁੰਡੇ, ਪੋਤ੍ਰੇ, ਸਾਲੇ ਅਤੇ ਹੋਰ ਭੀ ਸੰਬੰਧੀ ਹਨ॥34॥

ਹੇ ਮਧੁਸੂਦਨ ! ਇਹ ਚਾਹੇ ਮੈਨੂੰ ਮਾਰਨ, ਪਰ ਮੈਂ ਇਸ ਧਰਤੀ ਦਾ ਰਾਜ ਤਾਂ ਕੀ, ਤ੍ਰਿਲੋਕੀ ਦੇ ਰਾਜ ਲਈ ਭੀ ਇਨ੍ਹਾਂ ਨੂੰ ਮਾਰਨਾ ਨਹੀਂ ਚਾਹੁੰਦਾ॥35॥

ਹੇ ਜਨਾਰਦਨ ! ਧ੍ਰਿਤਰਾਸ਼ਟ ਦੇ ਪੁਤ੍ਰਾਂ ਨੂੰ ਮਾਰਕੇ ਸਾਨੂੰ ਕੀ ਖੁਸ਼ੀ ਹੋਊ ? ਇਨ੍ਹਾਂ ਹਤਿਆਰਿਆਂ ਨੂੰ ਮਾਰਕੇ ਤਾਂ ਸਾਨੂੰ ਸਗੋਂ ਪਾਪ ਹੀ ਲੱਗੂਗਾ॥36॥

ਇਸ ਲਈ-ਹੇ ਮਾਧਵ !-ਆਪਣੇ ਸੰਬੰਧੀ ਧ੍ਰਿਤਰਾਸ਼ਟ੍ਰ ਦੇ ਪੁਤ੍ਰਾਂ ਨੂੰ ਮਾਰਨਾ ਨਹੀਂ ਚਾਹੀਦਾ, ਕਿਉਂਕਿ ਆਪਣਿਆਂ ਨੂੰ ਮਾਰਕੇ ਅਸੀਂ ਕਿਵੇਂ ਸੁਖੀ ਹੋ ਸਕਦੇ ਹਾਂ ?॥37॥

ਭਾਵੇਂ ਲੋਭ ਨਾਲ ਅੰਨ੍ਹੇ ਹੋਏ ਹੋਏ ਇਹ ਲੋਕ ਕੁਲ ਦਾ ਨਾਸ ਕਰਨ ਵਾਲੀ ਬੁਰਾਈ ਅਤੇ ਮਿਤ੍ਰਾਂ ਨਾਲ ਵਿਰੋਧ ਕਰਨ ਵਾਲੇ ਪਾਪ ਨੂੰ ਨਹੀਂ ਦੇਖਦੇ॥38॥

ਹੇ ਜਨਾਰਦਨ ! ਕੁਲ ਦੇ ਨਾਸ ਕਰਨ ਤੇ ਹੋਣ ਵਾਲੇ ਦੋਖ ਨੂੰ ਜਾਣਨ ਵਾਲੇ ਅਸੀਂ ਇਸ ਪਾਪ ਤੋਂ ਹਟਣ ਲਈ ਕਿਉਂ ਨਾ ਵਿਚਾਰੀਏ ?॥39॥

ਕੁਲ ਦੇ ਨਾਸ ਹੋਣ ਨਾਲ ਸਨਾਤਨ ਕੁਲ ਧਰਮ ਨਸ਼ਟ ਹੋ ਜਾਂਦਾ ਹੈ । ਧਰਮ ਦੇ ਨਾਸ ਹੋਣ ਨਾਲ ਸਾਰੀ ਕੁਲ ਵਿਚ ਅਧਰਮ ਵਧ ਜਾਂਦਾ ਹੈ॥40॥

ਹੇ ਕ੍ਰਿਸ਼ਨ ! ਅਧਰਮ ਦੇ ਵਧ ਜਾਣ ਨਾਲ ਕੁਲ ਦੀਆਂ ਇਸਤ੍ਰੀਆਂ ਵਿਭਚਾਰਨਾ ਹੋ ਜਾਂਦੀਆਂ ਹਨ। ਹੇ ਵਾਰਸ਼ਨੇਯ[2] ! ਇਸਤ੍ਰੀਆਂ ਦੇ ਵਿਭਚਾਰਨਾ ਹੋਣ ਕਰਕੇ ਵਰਣ ਸ਼ੰਕਰ ਨਸਲ ਪੈਦਾ ਹੁੰਦੀ ਹੈ॥41॥

ਵਰਣ ਸ਼ੰਕਰ ਕੁਲ ਘਾਤੀਆਂ ਅਤੇ ਕੁਲ ਨੂੰ ਨਰਕ ਵਿਚ ਲੈ ਜਾਂਦਾ ਹੈ, ਕਿਉਂਕਿ ਪਿੰਡ ਤੇ ਕ੍ਰਿਆ ਨਾ ਹੋਣ ਕਰਕੇ ਉਨ੍ਹਾਂ ਦੇ ਪਿਤ੍ਰ ਡਿਗ ਪੈਂਦੇ ਹਨ॥42॥

ਕੁਲ ਘਾਤੀਆਂ ਦੇ ਵਰਣ ਸ਼ੰਕਰੀ ਦੋਸ਼ਾਂ ਕਰਕੇ ਸਨਾਤਨ ਕੁਲ ਧਰਮ ਅਤੇ ਜਾਤੀ ਧਰਮ ਨਾਸ ਹੋ ਜਾਂਦੇ ਹਨ॥43॥

ਹੇ ਜਨਾਰਦਨ ! ਸੁਣਿਆ ਹੈ ਕਿ ਨਸ਼ਟ ਹੋਏ ਕੁਲ ਧਰਮ ਵਾਲੇ ਬੰਦਿਆਂ ਦਾ ਅਨੰਤ ਕਾਲ ਤਾਈਂ ਨਰਕ ਵਿਚ ਵਾਸ ਹੁੰਦਾ ਹੈ॥44॥

ਉਹ ਹੋ ! ਅਫਸੋਸ ! ਕਿ ਅਸੀਂ ਬੁਧਿਵਾਨ ਹੁੰਦੇ ਹੋਏ ਭੀ ਰਾਜ ਅਤੇ ਸੁਖਾਂ ਦੇ ਲੋਭ ਵਿਚ ਆਪਣਿਆਂ ਨੂੰ ਮਾਰਨ ਲਈ ਤਿਆਰ ਹੋਕੇ ਮਹਾਂ ਪਾਪ ਕਰਨ ਲੱਗੇ ਹਾਂ !॥45॥

ਇਸ ਲਈ ਜੇ ਮੈਨੂੰ ਸ਼ਸਤ੍ਰ ਹੀਨ ਨਾ ਲੜਨ ਵਾਲੇ ਨੂੰ, ਸ਼ਸਤ੍ਰ ਧਾਰੀ ਧ੍ਰਿਤਰਾਸ਼ਟ ਦੇ ਪੁੱਤ੍ਰ ਰਣ ਵਿਚ ਮਾਰਨ ਤਾਂ ਉਹ ਮੈਨੂੰ ਲਾਭਕਾਰੀ ਅਨੰਦ ਦਾਇਕ ਹੋਵੇਗਾ॥46॥

ਸੰਜਯ ਨੇ ਕਿਹਾ :-

ਰਣ ਭੂਮੀ ਵਿਚ ਸ਼ੋਕ ਮਈ ਮਨ ਵਾਲੇ ਅਰਜਨ ਨੇ ਇਸ ਤਰਾਂ ਕਹਿਕੇ ਧਨੁਖ ਬਾਣ ਸਿਟ ਦਿਤੇ ਤੇ ਰਥ ਵਿਚ ਬੈਠ ਗਿਆ॥47॥

ਇਤਿ ਸ੍ਰੀ ਕ੍ਰਿਸ਼ਨਾਰਜਨ ਸੰਬਾਦ, ਅਰਜਨ ਦਾ
ਮੋਹ ਵਰਣਨ ਨਾਮ ਪਹਿਲਾ ਅਧਯਾਯ ।

-0-

---

[2] ਵਾਰਸ਼ਨੇਯ !=ਕ੍ਰਿਸ਼ਨ ਭਗਵਾਨ ।

## ਦੂਜੇ ਅਧਯਾਯ ਦਾ ਸਾਰ

ਇਸ ਅਧਯਾਯ ਵਿਚ ਮੋਹ ਬਸ ਹੋ ਕੇ ਵਿਸ਼ਾਦ ਉਤਪਨ ਹੋਏ, ਅਰਜਨ ਨੂੰ ਭਗਵਾਨ ਇਸ ਤਰ੍ਹਾਂ ਉਪਦੇਸ਼ ਕਰਦੇ ਹਨ :-

ਹੇ ਅਰਜਨ ! ਇਹ ਵਿਸ਼ਾਦ (ਦੁਖ ਅਫਸੋਸ ਫਿਕਰ ਚਿੰਤਾ ਆਦਿਕ) ਮੋਹ ਦਾ ਫਲ ਹੈ । ਦੇਖੋ ! ਜੋ ਚੀਜ਼ ਨਾਸਵੰਦ, ਅਸੱਤ ਹੈ, ਉਸ ਨੇ ਜ਼ਰੂਰ ਨਾਸ ਹੋਣਾ ਹੈ, ਅਤੇ ਜੋ ਅਨਾਸ ਸੱਤ ਹੈ, ਉਸ ਦਾ ਕੋਈ ਨਾਸ ਨਹੀਂ ਕਰ ਸਕਦਾ । ਇਸ ਦੇਹੀ ਵਿਚ ਆਤਮਾ ਅਨਾਸ਼ੀ ਤੇ ਦੇਹਿ ਨਾਸਵੰਤ ਹੈ । ਇਕ ਦੇਹਿ ਨੂੰ ਛਡਕੇ ਆਤਮਾ ਦੂਜੀ ਦੇਹਿ ਨੂੰ ਇਸ ਤਰ੍ਹਾਂ ਹੀ ਧਾਰਨ ਕਰ ਲੈਂਦਾ ਹੈ, ਜਿਸ ਤਰਾਂ ਆਦਮੀ ਪੁਰਾਣੇ ਕਪੜੇ ਲਾਹਕੇ ਦੂਜੇ ਨਵੇਂ ਕਪੜੇ ਪਹਿਨ ਲੈਂਦਾ ਹੈ, ਇਸ ਵਾਸਤੇ ਆਤਮਾ ਦੇ ਨਾਲ ਹੀ ਸੰਗ ਕਰਨਾ ਚਾਹੀਦਾ ਹੈ, ਤੇ ਅਸੱਤ ਵਸਤੂ ਜਿਸ ਦਾ ਕੋਈ ਭਾਵ ਨਹੀਂ ਹੈ, ਉਸ ਦੇ ਨਾਲ ਮੋਹ ਨਹੀਂ ਕਰਨਾ ਚਾਹੀਦਾ ।

ਇਹ ਤਮਾਮ ਭੂਤ ਜੋ ਅਸੀਂ ਦੇਖਦੇ ਹਾਂ, ਆਦਿ ਤੇ ਅੰਤ ਵਿਚ ਦਿਖਾਈ ਨਹੀਂ ਦਿੰਦੇ, ਕੇਵਲ ਮੱਧ ਅਵਸਥਾ ਵਿਚ ਹੀ ਪ੍ਰਗਟ ਹੁੰਦੇ ਹਨ, ਇਸ ਲਈ ਤੈਨੂੰ ਦੁਖ, ਸੁਖ, ਲਾਭ, ਹਾਨਿ ਅਤੇ ਜਿਤ ਹਾਰ ਦਾ ਖਿਆਲ ਛੱਡਕੇ, ਕੇਵਲ ਆਪਣਾ ਫਰਜ਼ ਪੂਰਾ ਕਰਨ ਲਈ ਕਰਤੱਵਯ ਕਰਮ ਕਰਨਾ ਚਾਹੀਦਾ ਹੈ, ਤੇ ਉਸ ਕਰਤਵੱਯ ਕਰਮ ਦੇ ਫਲ ਦੀ ਇਛਾ ਨਹੀਂ ਰਖਣੀ ਚਾਹੀਦੀ । ਐਸਾ ਕਰਮ ਕਰਨ ਦੇ ਯੋਗ ਹੋਣ ਵਾਸਤੇ ਜ਼ਰੂਰੀ ਹੈ ਕਿ ਆਦਮੀ ਆਪਣੀਆਂ ਸਭ ਕਾਮਨਾਵਾਂ ਨੂੰ ਤਿਆਗ ਦੇਵੇ । ਜਿਸ ਨੇ ਆਪਣੀਆਂ ਕਾਮਨਾਵਾਂ ਤਿਆਗ ਦਿਤੀਆਂ, ਉਹ ਸੁਖ ਦੁਖ ਤੋਂ ਰਹਿਤ ਹੋਕੇ, ਇਸਥਿਤ ਮਨ ਬੁੱਧੀ ਵਾਲਾ ਆਦਮੀ ਕਹਾਉਂਦਾ ਹੈ । ਇਹ ਕਾਮਨਾਂ ਅਤੇ ਕਾਮ ਕ੍ਰੋਧ, ਮੋਹਾਦਿ ਵਿਸ਼ਿਆਂ ਦੀ ਯਾਦ ਵਿਚੋਂ ਉਪਜਦੇ ਹਨ । ਜਿਸ ਨੇ ਆਪਣਾ ਆਪ ਵਸ ਕਰ ਲਿਆ ਹੋਵੇ ਉਹੀ ਰਾਗ ਦ੍ਵੈਖ ਤੋਂ ਛੁਟ ਕੇ, ਅਤੇ ਇੰਦ੍ਰੀਆਂ ਤੇ ਕਾਬੂ ਪਾ ਕੇ ਕਾਮਨਾ ਰਹਿਤ ਹੁੰਦਾ ਹੈ । ਕਾਮਨਾ ਰਹਿਤ ਹੋਣ ਨਾਲ ਹੀ ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ ।

-0-

## ਦੂਜਾ ਅਧਯਾਯ

ਸੰਜਯ ਉਵਾਰ :-

ਅਖਾਂ ਵਿਚ ਅਥਰੂ ਡਗਮਗਾਉਂਦੇ ਹੋਏ ਦੁਖੀ ਕ੍ਰਿਪਾਲੂ ਅਰਜਨ ਨੂੰ ਮਧੁਸੂਦਨ ਨੇ ਕਿਹਾ॥1॥

ਹੇ ਅਰਜਨ ! ਅਜੇਹੇ ਕਠਨ ਸਮੇਂ ਤੈਨੂੰ ਇਹ ਮੋਹ ਕਿਉਂ ਪੈਦਾ ਹੋਇਆ ? ਇਹ ਤਾਂ ਅਧਮ ਪੁਰਸ਼ਾਂ ਨੂੰ ਹੁੰਦਾ ਹੈ । ਇਸ ਨਾਲ ਸੁਰਗ ਦਾ ਰਾਹ ਬੰਦ ਹੁੰਦਾ ਤੇ ਇਸ ਜਗਤ ਵਿਚ ਅਪਕੀਰਤਿ[3] ਹੁੰਦੀ ਹੈ॥2॥

ਹੇ ਪਾਰਥ[4] ! ਤੂੰ ਕਾਇਰ ਨਾ ਬਣ, ਇਹ ਤੇਰੇ ਯੋਗ ਨਹੀਂ, ਹੇ ਪਰੰਤਪ ! ਹਿਰਦੇ ਦੀ ਤੁਛ ਕਮਜ਼ੋਰੀ ਨੂੰ ਤਿਆਗ ਕੇ (ਯੁਧ ਵਾਸਤੇ) ਖੜਾ ਹੋ॥3॥

ਅਰਜਨ ਬੋਲਿਆ :-

ਹੇ ਮਧੁਸੂਦਨ[5] ! ਰਣਭੂਮਿ ਵਿਚ ਮੈਂ ਭੀਸ਼ਮ ਅਤੇ ਚੋਣ ਆਦਿ ਵਲ ਤੀਰ ਮਾਰ ਮਾਰਿ ਕਿਸ ਤਰਾਂ ਯੁਧ ਕਰਾਂ ? ਕਿਉਂਕਿ ਹੇ ਅਰਿਸੂਦਨ[6] ! ਇਹ ਤਾਂ ਪੂਜਾ ਕਰਨ ਯੋਗ ਹਨ॥4॥

ਮਹਾਂ ਅਨੁਭਵੀ ਬਜ਼ੁਰਗਾਂ ਨੂੰ ਨਾ ਮਾਰ ਕੇ ਇਸ ਸੰਸਾਰ ਵਿਚ ਮੰਗਕੇ ਅੱਨ ਖਾਣਾ ਭੀ ਅੱਛਾ ਹੈ, ਕਿਉਂਕਿ ਵਡਿਆਂ ਨੂੰ ਮਾਰਕੇ ਭੀ ਏਥੇ ਲਹੂ ਭਰੇ ਅਰਥ ਅਤੇ ਕਾਮ ਰੂਪ ਭੋਗਾਂ ਨੂੰ ਹੀ ਤਾਂ ਭੋਗਾਂਗਾ !॥5॥

---

[3]ਅਪਕੀਰਤ=ਨਿੰਦਾ, ਬਦਨਾਮੀ।

[4] ਅਰਜਨ ਦਾ ਨਾਮ ।

[5] ਕ੍ਰਿਸ਼ਨ ਦਾ ਨਾਮ ।

[6] ਕ੍ਰਿਸ਼ਨ ਦਾ ਨਾਮ ।

ਅਸੀਂ ਇਹ ਭੀ ਨਹੀਂ ਜਾਣਦੇ ਕਿ ਸਾਡੀ ਲਈ ਕੀ ਚੰਗਾ ਹੈ ? ਯਾ ਇਹ ਧ੍ਰਿਤਰਾਸ਼ਟ੍ਰ ਦੇ ਪੁਤ੍ਰ ਜੋ ਸਾਡੇ ਸੌਂਹੇਂ ਲਈ ਖੜੇ ਹਨ,—ਜਿਨ੍ਹਾਂ ਨੂੰ ਮਾਰਕੇ ਸਾਡਾ ਜੀਉਣ ਭੀ ਅਕਾਰਥ ਹੈ— ਅਸੀਂ ਇਨ੍ਹਾਂ ਨੂੰ ਜਿੱਤਾਂਗੇ ਯਾ ਇਹ ਸਾਨੂੰ ਜਿੱਤਣਗੇ॥6॥

ਮੇਰਾ ਦਿਲੁ ਕਾਇਰਤਾ ਨਾਲ ਬੈਠਾ ਜਾਂਦਾ ਹੈ, ਮੈਨੂੰ ਸੁੱਝਦਾ ਨਹੀਂ ਕਿ ਮੇਰਾ ਧਰਮ ਕੀ ਹੈ ? ਮੈਂ ਆਪ ਦੀ ਸਰਣ ਅਤੇ ਆਪ ਦਾ ਸਿਖ ਹਾਂ, ਮੈਨੂੰ ਉਪਦੇਸ਼ ਕਰੋ ਅਤੇ ਦੱਸੋ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ॥7॥

ਭਾਵੇਂ ਮੈਨੂੰ ਧਰਤੀ ਦਾ ਨਿਸ਼ਕੰਟਕ ਰਾਜ ਤੋਂ ਦੇਵਤਿਆਂ ਦਾ ਸ੍ਵਾਮੀ-ਪਨ ਭੀ ਮਿਲ ਜਾਵੇ, ਫੇਰ ਭੀ ਮੈਨੂੰ ਕੋਈ ਉਪਾਉ ਨਹੀਂ ਦਿਸਦਾ ਜਿਸ ਨਾਲ ਕਿ ਮੇਰਾ ਇਹ ਸ਼ੋਂਕ ਦੂਰ ਹੋ ਸਕੇ॥8॥

ਸੰਜਯ ਬੋਲਿਆ :-

ਹੇ ਰਾਜਨ ! ਗੁੜਾਕੇਸ਼ ਨੀਂਦ ਨੂੰ ਜਿੱਤਣ ਵਾਲਾ ਅਰਜਨ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਇਉਂ ਕਹਿਕੇ "ਸ੍ਰੀ ਗੋਬਿੰਦ ! ਮੈਂ ਯੁਧ ਨਹੀਂ ਕਰਾਂਗਾ" ਇਉਂ ਸਪਸ਼ਟ ਕਹਿਕੇ ਚੁਪ ਹੋ ਗਿਆ॥9॥

ਹੇ ਭਾਰਤ ! ਦੋਹਾਂ ਸੈਨਾਵਾਂ ਦੇ ਵਿਚਕਾਰ ਖੜੇ ਹਸਦੇ ਹੋਇਆਂ ਸ੍ਰੀ ਕ੍ਰਿਸ਼ਨ ਭਗਵਾਨ ਨੇ ਸ਼ੋਕਾਤਰ ਅਰਜਨ ਨੂੰ ਇਉਂ ਕਿਹਾ।॥10॥

ਹੇ ਅਰਜਨ ! ਜਿਨ੍ਹਾਂ ਗੱਲਾਂ ਲਈ ਸ਼ੋਕ ਨਹੀਂ ਕਰਨਾ ਚਾਹੀਦਾ, ਉਨ੍ਹਾਂ ਲਈ ਤਾਂ ਤੂੰ ਸ਼ੋਕ ਕਰਦਾ ਹੈ ਤੇ ਗੱਲਾਂ ਕਰਦਾ ਹੈ ਗਿਆਨਵਾਨਾਂ ਵਰਗੀਆਂ । ਵਿਦਵਾਨ ਮੋਰੀਆਂ ਜੀਉਂਦਿਆਂ ਲਈ ਸ਼ੋਕ ਨਹੀਂ ਕਰਦੇ॥11॥

ਨਾ ਤਾਂ ਕਿਸੇ ਸਮੇਂ ਵਿਚ ਮੈਂ, ਤੂੰ ਅਤੇ ਇਹ ਰਾਜੇ 'ਨਾ' ਸਨ, ਅਤੇ ਨਾ ਹੀ ਕਦੇ ਅਗੇ ਨੂੰ ਅਸੀਂ 'ਨਾ ਹੋਵਾਂਗੇ॥12॥

ਜਿਵੇਂ ਜੀਵ ਦੇਹੀ ਬਚਪਨ ਜਵਾਨੀ ਅਤੇ ਬੁਢਾਪੇ ਵਿਚੀਂ ਲੰਘਦਾ ਹੈ, ਇਸੇ ਤਰ੍ਹਾਂ ਉਹ ਦੂਜੀ ਦੇਹੀ ਵਿਚ ਚਲਿਆ ਜਾਂਦਾ ਹੈ । ਧੀਰਜਵਾਨ ਇਸ ਉਤੇ ਮੋਹ ਬਸ ਹੋ ਕੇ ਸ਼ੋਕ ਨਹੀਂ ਕਰਦੇ॥13॥

ਹੇ ਕੁੰਤੀ ਪੁਤ੍ਰ ! ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ, ਗਰਮੀ, ਸਰਦੀ, ਸੁਖ ਦੁਖ ਦੇਣ ਵਾਲੇ ਛਿਨ ਭੰਗਰ ਅਤੇ ਅਨਿੱਤ ਹਨ। ਹੇ ਅਰਜਨ ! ਇਨ੍ਹਾਂ ਨੂੰ ਸਹਾਰੁ॥14॥

ਕਿਉਂਕਿ -ਹੇ ਸ੍ਰੇਸ਼ਟ ਪੁਰਸ਼-! ਦੁਖ ਸੁਖ ਨੂੰ ਸਮਾਨ ਸਮਝਣ ਵਾਲੇ ਜਿਸ ਧੀਰ ਪੁਰਸ਼ ਨੂੰ ਇਹ (ਇੰਦ੍ਰੀਆਂ ਦੇ ਵਿਸ਼ੇ) ਵਿਆਕੁਲ ਨਹੀਂ ਕਰ ਸਕਦੇ, ਉਹ ਅਮਰ ਹੋਣ ਦੇ ਯੋਗ ਹੁੰਦਾ ਹੈ॥15॥

ਅਸੱਤ ਦਾ ਭਾਵ ਨਹੀਂ ਤੇ ਸੱਤ ਦਾ ਅਭਾਵ ਨਹੀਂ ਹੈ, ਇਨ੍ਹਾਂ ਦੋਹਾਂ ਦਾ ਹੀ ਤੱਤ ਤਤਵੇਤਿਆਂ ਨੇ ਦੇਖਿਆ ਹੈ॥16॥

ਜੋ ਸਭ ਵਿਚ ਵਿਆਪਕ ਹੈ ਉਹ ਅਬਿਨਾਸ਼ੀ ਹੈ; ਇਸ ਅਬਿਨਾਸ਼ੀ ਦਾ ਕੋਈ ਨਾਸ਼ ਨਹੀਂ ਕਰ ਸਕਦਾ॥17॥

ਅਬਿਨਾਸ਼ੀ ਅਨੰਤ ਨਿੱਤ ਸਰੂਪ ਜੀਵਾਤਮਾ ਦੇ ਇਹ ਸਭ ਸਰੀਰ ਨਾਸਵੰਤ ਹਨ, ਇਸ ਲਈ ਹੇ ਅਰਜਨ ! ਤੂੰ ਯੁੱਧ ਕਰੁ॥18॥

ਜਿਹੜਾ ਇਸ ਆਤਮਾ ਨੂੰ ਮਾਰਨ ਵਾਲਾ ਸਮਝਦਾ ਹੈ ਅਤੇ ਜਿਹੜਾ ਸਮਝਦਾ ਹੈ ਕਿ ਇਹ ਆਤਮਾ ਮਰਦਾ ਹੈ, ਉਹ ਦੋਨੋਂ ਹੀ ਅਗਿਆਨੀ ਹਨ। ਇਹ ਆਤਮਾ ਨਾ ਮਾਰਦਾ ਹੈ ਨਾ ਮਰਦਾ ਹੈ॥19॥

ਇਹ ਨਾ ਜਨਮਦਾ ਹੈ ਨਾ ਮਰਦਾ, ਨਾ ਕਦੀ ਨਹੀਂ ਸੀ, ਨਾ ਕਦੀ ਨਹੀਂ ਹੈ, ਤੇ ਨਾ ਕਦੀ ਨਹੀਂ ਹੋਵੇਗਾ। ਇਹ ਅਜਨਮਾ, ਨਿੱਤ, ਸਦਾ ਅਤੇ ਪੁਰਾਤਨ ਹੈ। ਸਰੀਰ ਦੇ ਮਰਨ ਤੇ ਭੀ ਨਹੀਂ ਮਰਦਾ॥20॥

ਹੇ ਪਾਰਥ ! ਜਿਹੜਾ ਇਸ ਨੂੰ ਅਬਿਨਾਸ਼ੀ, ਨਿੱਤ, ਅਜਨਮਾ ਅਤੇ ਅਘਟ ਜਾਣਦਾ ਹੈ, ਉਹ ਆਦਮੀ ਕਿਵੇਂ ਕਿਸ ਨੂੰ ਮਰਵਾਉਂਦਾ ਹੈ ਤੇ ਕਿਵੇਂ ਕਿਸ ਨੂੰ ਮਾਰਦਾ ਹੈ ?॥21॥

ਜਿਵੇਂ ਬੰਦਾ ਪੁਰਾਣੇ ਕਪੜੇ ਉਤਾਰ ਕੇ ਹੋਰ ਨਵੇਂ ਕਪੜੇ ਪਹਿਨ ਲੈਂਦਾ ਹੈ, ਤਿਵੇਂ ਹੀ ਦੇਹੀ[7] ਪੁਰਾਣੇ ਸਰੀਰ ਨੂੰ ਤਿਆਗ ਕੇ ਦੂਜੇ ਨਵੇਂ ਸਰੀਰ ਨੂੰ ਧਾਰ ਲੈਂਦਾ ਹੈ॥22॥

---

[7] ਦੇਹੀ = ਜੋ ਇਸ ਦੇਹਿ ਵਿਚ ਵਸਦਾ ਹੈ, ਜੀਵ।

ਇਸ ਨੂੰ ਹਥਿਆਰ ਨਹੀਂ ਕਟ ਸਕਦੇ, ਅੱਗ ਨਹੀਂ ਚਲਾ ਸਕਦੀ, ਪਾਣੀ ਨਹੀਂ ਗਿਲਿਆਂ ਕਰ ਸਕਦਾ ਅਤੇ ਹਵਾ ਨਹੀਂ ਸੁਕਾ ਸਕਦੀ॥23॥

ਇਹ ਨਾ ਕਟ ਸਕਦਾ ਹੈ, ਨਾ ਜਲ ਸਕਦਾ ਹੈ, ਨਾ ਭਿੱਜ ਸਕਦਾ ਹੈ ਤੇ ਨਾ ਸੁੱਕ ਸਕਦਾ ਹੈ। ਇਹ ਨਿਰ ਸੰਦੇਹ ਨਿੱਤ, ਵਿਆਪਕ, ਅਚੱਲ ਥਿਰ ਰਹਿਣ ਵਾਲਾ ਅਤੇ ਸਨਾਤਨ ਹੈ॥24॥

ਇਹ ਅਵਯਕਤ ਅਚਿੰਤ ਤੇ ਅਵਿਕਾਰ ਹੈ, ਚਿੱਤ ਨਾਲ ਵਿਚਾਰਿਆ ਨਹੀਂ ਜਾਂਦਾ ਅਤੇ ਇਕ ਰਸ ਨਾ ਬਦਲਣ ਵਾਲਾ ਹੈ, ਇਸ ਲਈ ਇਸ ਨੂੰ ਅਜੇਹਾ ਜਾਣ ਕੇ ਤੈਨੂੰ ਸ਼ੋਕ ਨਹੀਂ ਕਰਨਾ ਚਾਹੀਦਾ॥25॥

ਅਤੇ ਜੇ ਤੂੰ ਇਸ ਨੂੰ ਸਦਾ ਜਨਮਣ ਅਤੇ ਮਰਨ ਵਾਲਾ ਮੰਨੇ, ਤਦ ਭੀ ਹੇ ਅਰਜਨ - ! ਇਸ ਤਰ੍ਹਾਂ ਸ਼ੌਕ ਕਰਨ ਦੇ ਯੋਗ ਨਹੀਂ॥26॥

ਕਿਉਂਕਿ ਜੋ ਜਨਮਦਾ ਹੈ ਉਹ ਜਰੂਰ ਮਰਦਾ ਹੈ, ਅਤੇ ਜੋ ਮਰਦਾ ਹੈ ਉਹ ਜਰੂਰ ਜਨਮਦਾ ਹੈ, ਇਸ ਲਈ ਜਿਹੜੀ ਗਲ ਅਵੱਸ਼ ਹੋਣ ਵਾਲੀ ਹੈ, ਉਸ ਦਾ ਸ਼ੌਕ ਕਰਨਾ ਵਿਅਰਥ ਹੈ॥27॥

ਹੇ ਅਰਜਨ ! ਸਭ ਜੀਵ ਆਦਿ ਵਿਚ ਦਿਖਾਈ ਨਹੀਂ ਦਿੰਦੇ, ਮੱਧ ਵਿਚ ਦਿਖਾਈ ਦਿੰਦੇ ਹਨ, ਤੇ ਅੰਤ ਵਿਚ ਫੇਰ ਨਹੀਂ ਦਿਖਾਈ ਦਿੰਦੇ। ਤਾਂ ਇਸ ਵਿਚ ਸ਼ੋਕ ਕਰਨ ਦੀ ਕਿਹੜੀ ਗਲ ਹੈ ?॥28॥

ਇਸ ਨੂੰ ਕੋਈ ਅਸਚਰਯ ਵਤ ਦੇਖਦਾ ਹੈ, ਕੋਈ ਅਸਚਰਯ ਵਤ ਕਹਿੰਦਾ ਹੈ, ਅਤੇ ਕੋਈ ਇਸ ਨੂੰ ਅਸਚਰਯ ਵਤ ਸੁਣਦਾ ਹੈ, ਪਰ ਕੋਈ ਇਸ ਨੂੰ ਸੁਣਕੇ ਭੀ ਨਹੀਂ ਜਾਣਦਾ॥29॥

ਹੇ ਅਰਜਨ ! ਇਹ ਸਾਰਿਆਂ ਦੇ ਸਰੀਰ ਵਿਚ ਸਦਾ ਹੀ ਜਰੂਰ ਹੈ, ਇਸ ਲਈ ਇਨ੍ਹਾਂ ਪ੍ਰਾਣੀਆਂ ਲਈ ਤੇਰਾ ਸ਼ੋਕ ਕਰਨਾ ਵਿਅਰਥ ਹੈ॥30॥

ਅਤੇ ਆਪਣੇ ਧਰਮ ਨੂੰ ਦੇਖਦੇ ਹੋਏ ਭੀ ਨਹੀਂ ਡਰਨਾ ਚਾਹੀਦਾ, ਕਿਉਂਕਿ ਛਤ੍ਰੀ ਲਈ ਧਰਮ ਯੁਧ ਨਾਲੋਂ ਅੱਛਾ ਹੋਰ ਕੋਈ ਕਰਮ ਨਹੀਂ॥31॥

ਹੇ ਪਾਰਥ ! ਆਪਣੇ ਆਪ ਪ੍ਰਾਪਤ ਹੋਏ ਅਤੇ ਖੁਲ੍ਹੇ ਹੋਏ ਸੁ੍ਰਰਗ ਦੁਆਰ ਰੂਪੀ ਅਜੇਹੇ ਧਰਮ ਯੁਧ ਨੂੰ ਭਾਗਾਂ ਵਾਲੇ ਛਤ੍ਰੀ ਹੀ ਪਾਉਂਦੇ ਹਨ ।। 32॥

ਪਰ ਜੇ ਇਸ ਧਾਰਮਕ ਸੰਗ੍ਰਾਮ ਨੂੰ ਨਹੀਂ ਲੜਾਂਗਾ ਤਾਂ ਤੂੰ ਆਪਣਾ ਧਰਮ ਅਤੇ ਸੋਭਾ ਗੁਆਕੇ ਪਾਪ ਦਾ ਭਾਗੀ ਹੋਵੇਂਗਾ॥33॥

ਅਤੇ ਲੋਕ ਸਦਾ ਤੇਰੀ ਬਦਨਾਮੀ ਭੀ ਕਰਨਗੇ । ਭਲਿਆਂ ਬੰਦਿਆਂ ਲਈ ਬਦਨਾਮੀ ਮਰਨ ਨਾਲੋਂ ਭੀ ਬੁਰੀ ਹੈ॥34॥

ਉਹ ਮਹਾਂਰਥੀ ਜਿਨ੍ਹਾਂ ਦੀਆਂ ਨਜ਼ਰਾਂ ਵਿਚ ਤੇਰਾ ਬੜਾ ਮਾਨ ਹੈ, ਉਹ ਤੈਨੂੰ ਯੁੱਧ ਵਿਚੋਂ ਡਰਦਾ ਮਾਰਿਆ ਭੱਜ ਗਿਆ ਸਮਝਣਗੇ॥35॥

ਅਤੇ ਤੇਰੇ ਵੈਰੀ ਤੇਰੇ ਬਲ ਦੀ ਨਿੰਦਿਆ ਕਰਦੇ ਹੋਏ, ਅਨੇਕ ਅਨਕਹਿਣੀਆਂ ਗੱਲਾਂ ਕਹਿਣਗੇ, ਇਸ ਤੋਂ ਵੱਧ ਕੇ ਹੋਰ ਕੀ ਦੁਖ ਹੋਊਗਾ?॥36॥

ਹੇ ਕੌਂਤੇਯ ! ਯੁਧ ਕਰਨ ਦਾ ਨਿਸਚਾ ਧਾਰਕੇ ਖੜਾ ਹੈ, ਕਿਉਂਕਿ ਜੇ ਮਾਰਿਆ ਗਿਆ ਤਾਂ ਸੁ੍ਰਰਗ ਨੂੰ ਜਾਵੇਗਾ; ਅਤੇ ਜੇ ਤੂੰ ਇਸ ਲੜਾਈ ਵਿਚ ਜਿਤੇਂਗਾ ਤਾਂ ਪ੍ਰਿਥ੍ਵੀ ਦਾ ਰਾਜ ਭੋਗੇਗਾ॥37॥

ਸੁਖ, ਦੁਖ, ਲਾਭ ਹਾਨੀ ਅਤੇ ਜਿੱਤ ਹਾਰ ਨੂੰ ਬਰਾਬਰ ਜਾਣਕੇ ਯੁੱਧ ਲਈ ਤਿਆਰ ਹੈ, ਇਸ ਤਰ੍ਹਾਂ ਤੈਨੂੰ ਪਾਪ ਨਹੀਂ ਲੱਗੇਗਾ ॥ 38॥

ਹੇ ਪਾਰਥ ! ਇਹ ਜੋ ਕੁਝ ਤੈਨੂੰ ਸੁਣਾਇਆ ਹੈ, ਇਹ ਸਾਂਖ ਮਤ ਅਨੁਸਾਰ ਹੈ । ਹੁਣ ਅਗੇ ਯੋਗ ਮੱਤ ਅਨੁਸਾਰ ਸੁਣ, ਜਿਸ ਨੂੰ ਵਿਚਾਰ ਨਾਲ ਗ੍ਰਾਹਣ ਕਰਨ ਨਾਲ ਤੂੰ ਕਰਮ ਬੰਧਨਾਂ ਤੋਂ ਮੁਕਤ ਹੋ ਜਾਵੇਂਗਾ॥39॥

ਇਸ (ਕਰਮ ਯੋਗ) ਵਿਚ ਕੋਸ਼ਸ਼ ਦਾ ਨਾਸ ਨਹੀਂ ਹੁੰਦਾ, ਇਸ ਦਾ ਥੋੜ੍ਹਾ ਜੇਹਾ ਗਿਆਨੁ ਭੀ ਬੜੇ ਭੈ ਤੋਂ ਬਚਾਉਂਦਾ ਹੈ॥40॥

ਹੇ ਅਰਜਨ ! ਇਸ (ਕਰਮ ਯੋਗ ਮਾਰਗ) ਵਿਚ ਨਿਸਚੇ ਵਾਲੀ ਬੁੱਧੀ ਇਕ ਹੀ ਹੈ, ਅਤੇ ਅਗਿਆਨੀਆਂ ਪੁਰਸ਼ਾਂ ਦੀਆਂ ਬੁਧੀਆਂ ਅਨੇਕ ਪ੍ਰਕਾਰ ਦੀਆਂ ਅਤੇ ਅਨੰਤ ਹੁੰਦੀਆਂ ਹਨ।॥41॥

ਹੇ ਅਰਜਨ ! ਮੂਰਖ ਆਦਮੀ ਫੋਕੀ ਵਾਹਵਾ ਭਰੀ ਬਾਣੀ ਬੋਲਦੇ ਹੋਏ ਵੇਦ ਵਾਦ ਵਿਚ ਹੀ ਖੁਸ਼ ਰਹਿੰਦੇ ਹਨ, ਇਹ ਕਹਿੰਦੇ ਹੋਏ ਕਿ "ਇਸ ਤੋਂ ਬਿਨਾ ਹੋਰ ਕੋਈ ਠੀਕ ਨਹੀਂ"॥42॥

ਕਾਮਨਾ ਰਖਣ ਵਾਲੇ ਅਤੇ ਸੂਰਗ ਨੂੰ ਹੀ ਪਰਮ ਮੰਨਣ ਵਾਲੇ ਜਨਮ ਕਰਮ ਫਲ ਅਤੇ ਭੋਗ ਐਸੂਰਯ ਦੇਣ ਵਾਲੀਆਂ ਕਈ ਪ੍ਰਕਾਰ ਦੀਆਂ (ਵੇਦਕ) ਕ੍ਰਿਆਵਾਂ ਦਸਦੇ ਹਨ॥43॥

ਉਪ੍ਰੋਕਤ ਬਾਣੀ ਦੁਆਰਾ ਹਰੇ ਹੋਏ ਚਿਤ ਵਾਲੇ, ਅਤੇ ਭੋਗ ਐਸ੍ਵਰਯ ਵਿਚ ਖਚਤ ਹੋਏ ਹੋਏ ਪੁਰਸ਼ਾਂ ਦੇ ਮਨ ਵਿਚ ਇਸਥਿਤ ਬੁੱਧੀ ਨਹੀਂ ਹੁੰਦੀ॥44॥

ਹੇ ਅਰਜਨ ! ਵੇਦ ਤਿੱਨਾਂ[8] ਗੁਣਾਂ ਦੇ ਵਿਸ਼ਿਆਂ ਵਿਚ ਹੀ ਵਰਤਦੇ ਹਨ, ਤੂੰ ਤਿੱਨਾ ਗੁਣਾ ਤੋਂ ਪਰੇ, ਸੁਖ ਦੁਖ ਆਦਿ ਝਗੜਿਆਂ ਤੋਂ ਰਹਿਤ, ਸੱਤ ਵਿਚ ਸਜ਼ਾ ਇਸਥਿਤ, ਯੋਗ[9], ਖੇਮ[10] ਨੂੰ ਨਾ ਚਾਹੁਣ ਵਾਲਾ ਅਤੇ ਆਤਮਵਾਨ[11] ਹੋ ।। 45 ॥

ਬ੍ਰਹਮ ਗਿਆਨੀ ਲਈ ਵੇਦ ਏਨੇ ਹੀ ਬੇਲੋੜੇ ਹਨ, ਜਿਵੇਂ ਸਾਰੇ ਪਾਣੀ ਹੀ ਪਾਣੀ ਭਰੀ ਹੋਈ ਜਗਾ ਵਿਚ ਇਕ ਖੂਹ॥46॥

ਤੇਰਾ ਅਧਿਕਾਰ ਕੇਵਲ ਕਰਮ ਕਰਨ ਦਾ ਹੀ ਹੈ, ਕਰਮ ਦੇ ਫਲ ਦਾ ਨਹੀਂ । ਤੂੰ ਕਰਮ ਦੇ ਫਲ ਦਾ ਅਧਿਕਾਰੀ ਨਾ ਬਣ, ਅਤੇ ਨਾਹੀ ਅਕਰਮੀ[12] ਹੋ॥47॥

ਹੇ ਧਨੰਜਯ ! ਸੰਗ[13] ਨੂੰ ਛਡਕੇ ਕਾਮਯਾਬੀ[14] ਨਾ ਕਾਮਯਾਬੀ ਨੂੰ ਇਕੋ ਜੇਹਾ ਸਮਝ ਕੇ,ਯੋਗ ਵਿਚ ਇਸਥਿਤ ਹੋ ਕੇ ਕਰਮ ਕਰ । ਸਮਤਾ ਨੂੰ ਹੀ ਯੋਗ ਆਖਦੇ ਹਨ।॥48॥

---

[8] ਤਿਨ ਗੁਣ=ਸਤ, ਰਜ, ਤਮ ।

[9] ਅਪ੍ਰਾਪਤਿ ਦੀ ਪ੍ਰਾਪਤੀ ਦਾ ਨਾਮ ਯੋਗ ਹੈ ।

[10] ਪ੍ਰਾਪਤਿ ਵਸਤੂ ਦੀ ਰਖਿਆ ਦਾ ਨਾਮ ਖੇਮ ਏ ।

[11] ਆਤਮਵਾਨ=ਆਤਮਾ ਨਾਲ ਭਰਪੂਰ ।

[12] ਅਕਰਮੀ=ਕਰਮ ਨਾ ਕਰਨ ਵਾਲਾ।

[13] ਸੰਗ=ਸਕਾਮਤਾ, ਕਰਮ ਦੇ ਫਲ ਦੀ ਵਾਸਨਾ ।

ਹੇ ਅਰਜਨ ! ਬੁੱਧੀ ਯੋਗ ਨਾਲੋਂ ਕਰਮ[15] ਹੇਠਾਂ ਹੈ, ਇਸ ਲਈ ਬੁੱਧੀ ਯੋਗ ਦਾ ਆਸਰਾ ਲੈ, ਕਿਉਂਕਿ ਫਲ ਦੀ ਵਾਸ਼ਨਾ ਰਖਣ ਵਾਲੇ ਅਤੀ ਦੀਨ ਹਨ।॥49॥

ਬੁੱਧੀ ਵਾਲਾ ਪੁਰਸ਼ ਅੱਛੇ, ਬੁਰੇ ਦੋਨੋ ਕਰਮ ਤਿਆਗ ਦਿੰਦਾ ਹੈ,ਇਸ ਲਈ ਤੂੰ ਯੋਗ[16] ਲਈ ਹੀ ਚੇਸ਼ਟਾ ਕਰੁ, ਯੋਗ ਹੀ ਕਰਮਾਂ ਦੇ ਬੰਧਨ ਵਿਚੋਂ ਛੁੱਟਣ ਦਾ ਉਪਾਵ ਹੈ ।॥50॥

ਬੁੱਧੀ ਯੋਗ ਨਾਲ ਜੁੜੇ ਹੋਏ ਗਿਆਨੀ ਜਨ, ਕਰਮ ਫਲ ਨੂੰ ਤਿਆਗ ਕੇ ਜਨਮ ਬੰਧਨ ਤੋਂ ਰਹਿਤ ਹੋ, ਨਿਰਦੋਖ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ॥51॥

ਜਦ ਤੇਰੀ ਬੁੱਧੀ, ਮੋਹ ਰਹਿਤ ਹੋ ਜਾਵੇਗੀ, ਤਦ ਜੋ ਕੁਝ ਤੈਂ ਸੁਣਿਆ[17] ਹੈ ਜਾਂ ਸੁਣੇਗਾ ਸਭ ਤੋਂ ਤੈਨੂੰ ਵੈਰਾਗ ਪ੍ਰਾਪਤ ਹੋਵੇਗਾ॥52॥

ਤੇਰਾ ਮਨ ਜਿਹੜਾ ਸ਼੍ਰੁਤੀ[18] ਕਰਕੇ ਭਰਮ ਵਿਚ ਪੈ ਰਿਹਾ ਹੈ ਉਹ ਜਦ ਅਚੱਲ ਹੋ ਕੇ ਸਮਾਧੀ ਵਿਚ ਇਸਥਿਤ ਹੋ ਜਾਵੇਗਾ, ਤਦ ਤੈਨੂੰ ਯੋਗ ਦੀ ਪ੍ਰਾਪਤੀ ਹੋਵੇਗੀ॥53॥

ਅਰਜਨ ਨੇ ਪੁਛਿਆ :—

ਹੇ ਕੇਸ਼ਵ ! ਸਮਾਧੀ ਵਿਚ ਟਿਕੇ ਹੋਏ, ਇਸਥਿਰ ਬੁਧੀ ਵਾਲੇ ਪੁਰਸ਼ ਦੇ ਕੀ ਲਛਣ ਹਨ ? ਟਿਕੀ ਹੋਈ ਬੁਧੀ ਵਾਲਾ ਪੁਰਸ਼ ਕਿਵੇਂ ਬੋਲਦਾ, ਕਿਵੇਂ ਬੈਠਦਾ ਅਤੇ ਕਿਵੇਂ ਚਲਦਾ ਹੈ ?॥54॥

ਸ੍ਰੀ ਕ੍ਰਿਸ਼ਨ ਭਗਵਾਨ ਬੋਲੇ :-

---

14 ਕਾਮਯਾਬੀ ਨਾ ਕਾਮਯਾਬੀ=ਸਫਲਤਾ ਅਸਫਲਤਾ।

15 ਕਰਮ=ਕਰਮ ਦੇ ਫਲ ਦੀ ਵਾਸਨਾ ਰੱਖਕੇ ਕਰਮ ਕਰਨਾ ।

16 ਯੋਗ=ਨਿਸ਼ਕਾਮ ਯੋਗ ।

17 ਵੇਦ ਦੇ ਸਕਾਮ ਕਰਮ ਵਲ ਇਸ਼ਾਰਾ ਹੈ ।

18 ਸ਼੍ਰੁਤੀ=ਵੇਦ ।

ਹੇ ਅਰਜਨ ! ਪੁਰਸ਼ ਜਦ ਤਮਾਮ ਕਾਂਮਨਾਵਾਂ ਤਿਆਗ ਕੇ ਆਪਣੇ ਆਪ ਨੂੰ ਆਤਮਾ ਵਿਚ ਲਾ ਕੇ ਸੰਤੁਸ਼ਟ ਹੁੰਦਾ ਹੈ ਤਦ ਉਸ ਨੂੰ ਇਸਥਿਰ ਬੁੱਧੀ ਵਾਲਾ ਆਖਦੇ ਹਨ॥55॥

ਜਿਸ ਦਾ ਮਨੁ ਦੁਖ ਘਬਰਾਉਂਦਾ ਨਹੀਂ, ਸੁਖ ਦਾ ਚਾਹ ਨਹੀਂ ਰਖਦਾ, ਰਾਗ, ਭੈ ਅਤੇ ਕ੍ਰੋਧ ਤੋਂ ਰਹਿਤ ਹੋ ਗਿਆ ਹੈ, ਉਹ ਮੁਨੀ ਇਸਥਿਰ ਬੁੱਧੀ ਵਾਲਾ ਕਿਹਾ ਜਾਂਦਾ ਹੈ॥56॥

ਜੋ ਹਰ ਤਰਾਂ ਸਨੇਹ ਰਹਿਤ ਹੈ, ਭਾਵੇਂ ਕੁਛ ਭੀ ਸੁਭਾਸੁਭ ਹੋਵੇ, ਅਤੇ ਨਾ ਪ੍ਰਸੰਨ ਹੁੰਦਾ ਹੈ, ਨਾ ਦੁੱਖ ਕਰਦਾ ਹੈ.ਉਸਦੀ ਬੁਧੀ[19] ਇਸਥਿਰ ਹੈ॥57॥

ਜਿਵੇਂ ਕੱਛੂ ਆਪਣੇ ਅੰਗਾਂ ਨੂੰ ਸਮੇਟ ਲੈਂਦਾ ਹੈ, ਤਿਵੇਂ ਆਦਮੀ ਜਦ ਆਪਣੀਆਂ ਇੰਦ੍ਰੀਆਂ ਨੂੰ ਇੰਦ੍ਰੀਆਂ ਦੇ ਵਿਸ਼ਿਆਂ ਵਲੋਂ ਹਟਾ ਲਵੇ, ਤਦ ਉਸ ਦੀ ਬੁੱਧੀ[20] ਇਸਥਿਰ ਹੁੰਦੀ ਹੈ ।॥58॥"

ਵਿਸ਼ਿਆਂ ਨੂੰ ਨਾ ਗ੍ਰਹਣ ਕਰਨ ਵਾਲੇ ਪੁਰਸ਼ ਦੇ ਵਿਸ਼ੇ ਤਾਂ ਨਵਿਰਤ ਹੋ ਜਾਂਦੇ ਹਨ, ਪਰ ਉਨ੍ਹਾਂ ਦੇ ਰਸ ਦੀ ਯਾਦ ਨਹੀਂ ਭੁੱਲਦੀ; ਪ੍ਰਮਾਤਮਾਂ ਦੇ ਦਰਸ਼ਨ ਹੋਣ ਤੇ ਉਹ ਯਾਦ ਭੀ ਹਟ ਜਾਂਦੀ ਹੈ॥59 ||

ਹੇ ਅਰਜਨ ! ਜੋਸ਼ ਵਿਚ ਆਈਆਂ ਹੋਈਆਂ ਇੰਦ੍ਰੀਆਂ ਯਤਨ ਕਰਦੇ ਹੋਏ ਗਿਆਨੀ ਪੁਰਸ਼ ਦੇ ਮਨ ਨੂੰ ਭੀ ਝਟ ਹਰ ਲੈਂਦੀਆਂ ਹਨ ।॥60॥

ਸਭ ਇੰਦ੍ਰੀਆਂ ਨੂੰ ਬਸ ਵਿਚ ਕਰ ਕੇ ਇਕ ਚਿਤ ਹੋ ਮੇਰੇ ਪਰਾਇਣ ਇਸਥਿਰ ਹੋਵੇ; ਕਿਉਂਕਿ ਜਿਸ ਦੇ ਇੰਦ੍ਰੀਆ ਕਾਬੂ ਵਿਚ ਹਨ ਉਸੇ ਦੀ ਬੁਧੀ[21] ਇਸਥਿਰ ਹੁੰਦੀ ਹੈ 1॥61॥

ਵਿਸ਼ਿਆਂ ਦੀ ਯਾਦ ਤੇ ਉਨ੍ਹਾਂ ਵਿਸ਼ਿਆਂ ਨਾਲ ਸੰਗ ਪੈਦਾ ਹੁੰਦਾ ਹੈ, ਸੰਗ ਤੋਂ ਕਾਮਨਾ, ਅਤੇ ਕਾਮਨਾ ਤੋਂ ਕ੍ਰੋਧ ਉਤਪਨ ਹੁੰਦਾ ਹੈ ।। 62॥

---

[19] ਬੁਧੀ=ਪ੍ਰਗਯਾਂ।

[20] ਬੁਧੀ=ਪ੍ਰਗਯਾਂ।

[21] ਬੁਧੀ=ਪ੍ਰਗਯਾਂ।

ਕ੍ਰੋਧ ਤੋਂ ਮੋਹ ਹੁੰਦਾ ਹੈ, ਮੋਹ ਤੋਂ ਮਤਿ ਦਾ ਭਰਮ, ਮਤਿ ਦੇ ਭਰਮ ਵਿਚ ਪੈ ਜਾਣ ਨਾਲ ਬੁੱਧਿ ਦਾ ਨਾਸ ਹੋ ਜਾਂਦਾ ਹੈ, ਅਤੇ ਬੁੱਧਿ ਦੇ ਨਾਸ ਹੋਣ ਨਾਲ ਆਦਮੀ ਦਾ ਨਾਸ ਹੋ ਜਾਂਦਾ ।॥63॥

ਜਿਸ ਨੇ ਆਪਣਾ ਮਨੁ ਬਸ ਕਰ ਲਿਆ ਹੈ ਅਤੇ ਰਾਗ ਦੁੱਖ ਤੋਂ ਰਹਿਤ ਹੋ ਗਿਆ ਹੈ, ਉਹ ਪੁਰਸ਼ ਵਿਸ਼ਿਆਂ ਨੂੰ ਭੋਗਦਾ ਹੋਇਆ ਭੀ ਸ਼ਾਂਤਿ ਪਾਉਂਦਾ ਹੈ॥64॥

ਸ਼ਾਂਤਿ ਪਾਕੇ ਸਭ ਦੁਖ ਦੂਰ ਹੋ ਜਾਂਦੇ ਹਨ, ਅਤੇ ਉਸ ਸ਼ਾਂਤਿ ਚਿਤ ਵਾਲ ਆਦਮੀ ਦੀ ਬੁੱਧੀ ਜਲਦੀ ਹੀ ਇਸਥਿਰ ਹੋ ਜਾਂਦੀ ਹੈ ।। 65॥

ਜਿਸ ਦੇ ਵਸ ਵਿਚ ਆਪਣਾ ਆਪ ਨਹੀਂ ਉਸ ਵਿਚ ਸ੍ਰੇਸ਼ਟ ਬੁਧੀ ਨਹੀਂ ਹੋ ਉਹ ਧਿਆਨ ਭੀ ਨਹੀਂ ਕਰ ਸਕਦਾ, ਧਿਆਨ ਬਿਨਾਂ ਸ਼ਾਂਤ ਨਹੀਂ ਮਿਲਦੀ, ਅਤੇ ਸੁਖ ਕਿਥੇ ?॥66॥

ਵਿਸ਼ਿਆਂ ਦੇ ਭੋਗਣ ਵਾਲੀਆਂ ਇੰਦ੍ਰੀਆਂ ਪਿਛੋਂ ਲਗਾ ਹੋਇਆ ਮਨੁ, ਬੁੱਧੀ ਨੂੰ ਇਉਂ ਖਿੱਚ ਕੇ ਲੈ ਜਾਂਦਾ ਹੈ, ਜਿਵੇਂ ਪਾਣੀ ਵਿਚ ਬੇੜੀ ਨੂੰ ਅਨ੍ਹੇਰੀ॥67॥

ਇਸ ਵਾਸਤੇ—ਹੇ ਮਹਾਂਬਾਹੋ ! —ਜਿਸ ਪੁਰਸ਼ ਨੇ ਇੰਦ੍ਰੀਆਂ ਨੂੰ ਸਭ ਪ੍ਰਕਾਰ ਵਿਸ਼ਿਆ ਵਲੋਂ ਹਟਾ ਕੇ ਕਾਬੂ ਵਿਚ ਕੀਤਾ ਹੋਇਆ ਹੈ, ਉਹ ਇਸਥਿਰ ਬੁੱਧੀ ਵਾਲਾ ਹੈ॥68॥

ਸਭ ਪ੍ਰਾਣੀਆਂ ਦੀ ਜੋ ਰਾਤ ਹੈ ਉਹ ਯੋਗੀ ਵਾਸਤੇ ਦਿਨੁ ਹੈ, ਅਤੇ ਸਭ ਪ੍ਰਾਣੀਆ ਦਾ ਜੋ ਦਿਨ ਹੈ ਉਹ ਮੁਨੀ ਵਾਸਤੇ ਰਾਤ ਹੈ॥69॥

ਜਿਸ ਤਰ੍ਹਾਂ ਸਭ ਨਦੀਆਂ ਦੇ ਸਮੁੰਦਰ ਵਿਚ ਪੈਣ ਨਾਲ ਭੀ ਸਮੁੰਦਰ ਦਾ ਪਾਣੀ ਅਚੱਲ ਅਤੇ ਇਸਥਿਰ ਰਹਿੰਦਾ ਹੈ, ਇਸੇ ਤਰ੍ਹਾਂ ਜੋਗੀ ਵਿਚ ਸਭ ਕਾਮਨਾਵਾਂ ਲੀਨ ਹੋ ਜਾਂਦੀਆਂ ਹਨ, ਤੇ ਉਹ ਸ਼ਾਂਤ ਰਹਿੰਦਾ ਹੈ, ਪਰ ਜਿਸ ਵਿਚ ਕਾਮਨਾ ਬਾਕੀ ਹੈ ਉਸ ਨੂੰ ਸ਼ਾਤਿ ਨਹੀਂ ਮਿਲਦੀ॥70॥"

ਜੋ ਆਦਮੀ ਸਭ ਕਾਮਨਾਂ ਤਿਆਗ ਕੇ ਨਿਰਵਾਸ਼ਨਾ, ਮਮਤਾ ਰਹਿਤ ਤੇ ਨਿਰਹੰਕਾਰ ਹੋ ਜਾਂਦਾ ਹੈ, ਉਹ ਸ਼ਾਂਤੀ ਪਾਉਂਦਾ ਹੈ।॥71॥

ਹੇ ਪਾਰਥ ! ਏਹੋ ਬ੍ਰਹਮ ਅਵਸਥਾ ਹੈ । ਇਸ ਅਵਸਥਾ ਨੂੰ ਪਹੁੰਚ ਕੇ ਫਿਰ ਆਦਮੀ ਨੂੰ ਮੋਹ ਨਹੀਂ ਹੁੰਦਾ । ਜੋ ਆਦਮੀ ਮਰਨ ਸਮੇਂ ਭੀ ਇਸ ਅਵਸਥਾ ਵਿਚ ਇਸਥਿਤ ਹੋ ਜਾਵੇ, ਉਹ ਭੀ ਬ੍ਰਹਮਾਨੰਦ ਨੂੰ ਪਾ ਲੈਂਦਾ ਹੈ।॥72॥

ਇਤਿ ਸ੍ਰੀ ਕ੍ਰਿਸ਼ਨਾਰਜਨ ਸੰਬਾਦ ਸਾਂਖ ਯੋਗ
ਵਰਣਨ ਨਾਮ ਦੂਜਾ ਅਧਯਾਯ ।

-0-

## ਤੀਜੇ ਅਧਯਾਯ ਦਾ ਸਾਰ

ਅਰਜਨ ਪ੍ਰਸ਼ਨ ਕਰਦਾ ਹੈ : ਭਗਵਾਨ ! ਜੇ ਗਿਆਨ ਵਿਚਾਰਾਦਿ ਉੱਤਮ ਹਨ ਤਾਂ ਮੈਂ ਇਹ ਲੜਨ ਮਾਰਨ ਤੇ ਮਰਨ ਆਦਿ ਦਾ ਭਿਅੰਕਰ ਕਰਮ ਕਿਉਂ ਕਰਾਂ ?

ਭਗਵਾਨ ਉੱਤਰ ਦਿੰਦੇ ਹਨ ਕਿ ਕਰਮ ਕੀਤੇ ਬਿਨਾ ਤਾਂ ਆਦਮੀ ਛਿਨ ਭਰ ਲਈ ਭੀ ਨਹੀਂ ਰਹਿ ਸਕਦਾ। ਦੇਖੁ ! ਭਾਵੇਂ ਮੈਨੂੰ ਕੋਈ ਕਰਮ ਕਰਨ ਦੀ ਲੋੜ ਨਹੀਂ ਪਰ ਮੈਂ ਫੇਰ ਵੀ ਕਰਮ ਕਰਦਾ ਹਾਂ; ਪਰ ਸੰਸਾਰ ਵਿਚ ਜੋ ਭੀ ਕਰਮ ਕਾਮਨਾ ਸਹਿਤ ਕੀਤਾ ਜਾਵੇ, ਉਹ ਬੰਧ ਦਾ ਕਾਰਨ ਹੁੰਦਾ ਹੈ ਅਤੇ ਜੋ ਕਰਮ ਕਾਮਨਾ ਰਹਿਤ ਹੋ ਕੇ ਅਰਥਾਤ ਫਲ ਦੀ ਇੱਛਾ ਨਾ ਰਖਕੇ ਕੀਤਾ ਜਾਵੇ ਉਹ ਬੰਧ ਦਾ ਕਾਰਨ ਨਹੀਂ ਹੁੰਦਾ। ਗਿਆਨ ਦੁਆਰਾ ਹੀ ਆਦਮੀ ਕਰਮ ਦੇ ਫਲ ਨੂੰ ਤਿਆਗ ਕੇ ਕਰਮ ਕਰ ਸਕਦਾ ਹੈ। ਇਸ ਮਾਰਗ ਵਿਚ ਰਾਗ ਦ੍ਵੈਖ ਕਾਮ ਅਤੇ ਕ੍ਰੋਧਾਦਿ ਆਦਮੀ ਦੇ ਬੜੇ ਭਾਰੇ ਦੁਸ਼ਮਨ ਹਨ, ਕਿਉਂਕਿ ਇਨ੍ਹਾਂ ਦਾ ਅਸਰ ਇੰਦ੍ਰੀਆਂ ਮਨ ਅਤੇ ਬੁੱਧੀ ਉੱਤੇ ਪੈਂਦਾ ਹੈ। ਇਨ੍ਹਾਂ ਦਾ ਦਮਨ ਕੇਵਲ ਆਤਮਾ ਰਾਹੀਂ ਹੀ ਹੋ ਸਕਦਾ ਹੈ। ਕਰਮ ਯੋਗੀ ਕਾਮਨਾ ਅਤੇ ਕਰਮ ਦੇ ਫਲ ਨੂੰ ਤਿਆਗਿ ਕੇਵਲ ਫਰਜ਼ ਸਮਝ ਕੇ ਸੰਸਾਰ ਦੇ ਭਲੇ ਲਈ ਕਰਮ ਕਰਦਾ ਹੈ।

-0-

# ਤੀਜਾ ਅਧਯਾਯ

ਅਰਜਨ ਉਵਾਚ :-

ਹੇ ਜਨਾਰਦਨ ! ਜੇ ਆਪ ਕਰਮ ਨਾਲੋਂ ਗਿਆਨ ਨੂੰ ਅੱਛਾ ਸਮਝਦੇ ਹੋ ਤਾਂ ਹੇ ਕੇਸ਼ਵ ! -- ਮੈਨੂੰ ਇਸ ਭਯੰਕਰ ਕਰਮ ਵਿਚ ਕਿਉਂ ਲਾਉਂਦੇ ਹੋ ?॥1॥

ਇਹ ਦੁਅਰਥੀ ਗੱਲ ਕਹਿਕੇ ਤੁਸੀਂ ਮੇਰੀ ਅਕਲ ਨੂੰ ਭਰਮ ਵਿਚ ਪਾ ਦਿਤਾ ਹੈ । ਨਿਸਚੇ ਕਰਕੇ ਇਕ ਰਾਹ ਦੱਸੋ ਜਿਸ ਉੱਤੇ ਚੱਲਣ ਨਾਲ ਮੇਰਾ ਕਲਿਆਣ ਹੋਵੇ॥2॥

ਸ੍ਰੀ ਭਗਵਾਨ ਉਵਾਚ :-

ਹੇ ਪਾਪ ਰਹਿਤ ਅਰਜੁਨ ! ਜਿਵੇਂ ਮੈਂ ਪਹਿਲਾਂ ਦਸਿਆ ਹੈ, ਇਸ ਸੰਸਾਰ ਵਿਚ ਦੋ ਬਿਧਿ ਰਸਤਾ ਹੈ । ਇਕ ਸਾਂਖ ਦਾ ਗਿਆਨ ਯੋਗ ਅਤੇ ਦੂਜਾ ਯੋਗੀਆਂ ਦਾ ਕਰਮ ਯੋਗ॥3॥

ਆਦਮੀ ਕਰਮ ਨਾ ਕਰਨ ਨਾਲ ਨਿਹਕਰਮੀ ਨਹੀਂ ਹੁੰਦਾ, ਅਤੇ ਨਾ ਹੀ ਕੇਵਲ ਤਿਆਗ ਨਾਲ ਸਿੱਧੀ ਮਿਲਦੀ ਹੈ॥4॥

ਕੋਈ ਇਕ ਛਿਨ ਮਾਤ੍ਰ ਭੀ ਕਰਮ ਕੀਤੇ ਬਿਨਾ ਨਹੀਂ ਰਹਿ ਸਕਦਾ; ਕਿਉਂਕਿ ਹਰ ਕੋਈ ਬੇਬਸ ਹੋ ਕੇ ਪ੍ਰਕ੍ਰਿਤੀ ਵਿਚੋਂ ਉੱਤਪਨ ਹੋਏ ਹੋਏ ਗੁਣਾ ਨਾਲ ਚਲਾਇਆ ਹੋਇਆ ਚਲਦਾ ਹੈ॥5॥

ਜੋ ਕਰਮ ਇੰਦ੍ਰੀਆਂ ਨੂੰ ਤਾਂ ਰੋਕਦਾ ਹੈ, ਪਰ ਮਨ ਨਾਲ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਚਿਤਵਦਾ ਹੈ ਉਹ ਮੂੜ੍ਹ ਆਦਮੀ ਦੰਭੀ ਕਹਾਉਂਦਾ ਹੈ॥6॥

ਪਰ ਹੇ ਅਰਜਨ ! ਜੋ ਮਨ ਨਾਲ ਇੰਦ੍ਰੀਆਂ ਨੂੰ ਬਸ ਕਰਕੇ ਸੰਗ ਤੋਂ ਬਗੈਰ ਕਰਮ ਇੰਦ੍ਰੀਆਂ ਨਾਲ ਸੁਭਾਵਕ ਕਰਮ[22] ਯੋਗ ਕਰਦਾ ਹੈ, ਉਹ ਆਦਮੀ ਸ੍ਰੇਸ਼ਟ ਹੈ॥7॥

---

[22] ਕਰਮ ਯੋਗ=ਨਿਸ਼ਕਾਮ ਕਰਮ ।

ਤੂੰ ਧਰਮ ਅਨੁਸਾਰ ਕਰਮ ਕਰ, ਕਿਉਂਕਿ ਕਰਮ ਨਾ ਕਰਨ ਨਾਲੋਂ ਕਰਮ ਦਾ ਕਰਨਾ ਅੱਛਾ ਹੈ। ਕਰਮ ਨਾ ਕਰਨ ਨਾਲ ਤਾਂ ਤੈਨੂੰ ਸਰੀਰ ਦਾ ਕਾਇਮ ਰਖਣਾ ਭੀ ਔਖਾ ਹੋ ਜਾਊਗਾ॥8॥

ਯੱਗ ਅਰਥ ਜੋ ਕਰਮ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਛਡਕੇ ਬਾਕੀ ਸਭ ਕਰਮ ਇਸ ਲੋਕ ਵਿਚ ਬੰਧਨ[23] ਦਾ ਕਾਰਨ ਹਨ, ਇਸ ਲਈ ਹੇ ਕੌਂਤੇਯ ! ਤੂੰ ਯੱਗ ਅਰਥ ਨਿਸ਼ਕਾਮਤਾ ਨਾਲ ਕਰਮ ਕਰ॥9॥

ਪ੍ਰਜਾਪਤੀ ਨੇ ਆਦਿ ਵਿਖ ਯੱਗ ਦੁਆਰਾ ਪ੍ਰਥਾ ਰਚਕੇ ਕਿਹਾ ਕਿ ਇਸ ਯੱਗ ਨਾਲ ਤੁਹਾਡਾ ਵਾਧਾ ਹੋਵੇਗਾ, ਅਤੇ ਇਸੇ ਨਾਲ ਤੁਹਾਡੀਆਂ ਕਾਮਨਾਂ ਪੂਰੀਆਂ ਹੋਣਗੀਆਂ।॥10॥

ਤੁਸੀਂ ਇਸ ਯੱਗ ਦੁਆਰਾ ਦੇਵਤਿਆਂ ਦੀ ਉੱਨਤੀ ਕਰੋ, ਉਹ ਦੇਵਤੇ ਤੁਹਾਡੀ ਉੱਨਤੀ ਕਰਨਗੇ। ਇਸ ਤਰਾਂ ਆਪਸ ਵਿਚ ਉੱਨਤੀ ਕਰਦੇ ਹੋਇਆ ਭਲਾ ਹੋਵੇਗਾ ॥11॥

ਯੱਗ ਨਾਲ ਪ੍ਰਸੰਨ ਹੋਏ ਹੋਏ ਦੇਵਤਾ ਤੁਹਾਨੂੰ ਮਨ ਬਾਂਛਤ ਫਲ ਦਿੰਦੇ ਹਨ । ਜੋ ਆਦਮੀ ਦੇਵਤਿਆਂ ਦਾ ਦਿਤਾ ਹੋਇਆ ਭੋਗਦਾ ਹੈ, ਪਰ ਉਸ ਦੇ ਬਦਲੇ ਵਿਚ ਕੁਛ ਨਹੀਂ ਦਿੰਦਾ, ਉਹ ਚੋਰ ਹੈ॥12॥

ਯੋਗ ਤੋਂ ਬਚਿਆ ਹੋਇਆ ਅੱਨ ਖਾਣ ਵਾਲੇ ਭਲੇ ਪੁਰਸ਼ਾਂ ਦੇ ਸਭ ਪਾਪ ਧੋ ਹੇ ਜਾਂਦੇ ਹਨ, ਪਰ ਜੋ ਪਾਪੀ ਆਪਣੇ ਹੀ ਵਾਸਤੇ ਭੋਜਨ ਬਣਾ ਕੇ ਖਾ ਛਡਦੇ ਹਨ, ਉਹ ਪਾਪਾਂ ਨੂੰ ਭੋਗਦੇ ਹਨ॥13॥

ਸਭ ਜੀਵ ਅੱਨ ਤੋਂ ਹੁੰਦੇ ਹਨ, ਅੱਨ ਮੀਂਹ ਨਾਲ ਹੁੰਦਾ ਹੈ, ਮੀਂਹ ਯੱਗ ਨਾਲ, ਅਤੇ ਯੱਗ ਕਰਮ ਕਰਕੇ ਹੁੰਦਾ ਹੈ॥14॥

ਕਰਮ ਬ੍ਰਹਮਾ ਤੋਂ ਅਤੇ ਬ੍ਰਹਮਾ ਅਬਿਨਾਸ਼ੀ ਬ੍ਰਹਮ ਤੋਂ ਉੱਤਪਨ ਹੁੰਦਾ ਹੈ, ਇਸ ਲਈ ਸਰਬ ਵਿਆਪੀ ਬ੍ਰਹਮ ਯੱਗ ਵਿਚ ਹੀ ਹਾਜ਼ਰ ਨਾਜ਼ਰ ਹੁੰਦਾ ਹੈ।॥15॥

---

[23] ਬੰਧਨ=ਜਨਮ ਮਰਨ, ਆਵਾਗਵਨ

ਜੋ ਆਦਮੀ ਇਸ ਪ੍ਰਿਥਵੀ ਉੱਤੇ ਇਸ ਚੱਕ੍ਰ ਨੂੰ ਇਸ ਤਰਾਂ ਨਹੀਂ ਚਲਾਉਂਦਾ, ਉਹ ਇੰਦ੍ਰੀਆਂ ਦੇ ਵਿਸ਼ੇ ਭੋਗਾਂ ਵਿਚ ਲਗਾ ਰਹਿਣ ਵਾਲਾ-ਹੇ ਪਾਰਥ !-ਪਾਪਾਂ ਭਰੀ ਉਮਰ ਵਿਅਰਥ ਹੀ ਜੀਉਂਦਾ ਹੈ॥16॥

ਜਿਸ ਦੀ ਆਤਮਾ ਨਾਲ ਹੀ ਪ੍ਰੀਤ ਹੈ, ਜੋ ਆਤਮਾ ਵਿਚ ਹੀ ਤ੍ਰਿਪਤ ਤੇ ਆਤਮਾ ਵਿਚ ਹੀ ਸੰਤੁਸ਼ਟ ਹੈ, ਅਜੇਹੇ ਆਦਮੀ[24] ਲਈ ਇਹ ਕਰਮ ਕਰਨਾ ਜਰੂਰੀ ਨਹੀ॥17॥

ਅਜੇਹੇ ਪੁਰਸ਼[25] ਨੂੰ ਇਸ ਸੰਸਾਰ ਵਿਚ ਕਰਨ ਵਾਲੇ ਤੇ ਨਾ ਕਰਨ ਵਾਲੇ ਕਿਸੇ ਭੀ ਕੰਮ ਵਿਚ ਕੋਈ ਅਰਥ ਨਹੀਂ, ਉਸ ਦਾ ਤਮਾਮ ਜੀਵਾਂ ਨਾਲ ਕੁਛ ਭੀ ਸਾਰਥ ਦਾ ਸੰਬੰਧ ਨਹੀਂ॥18॥

ਇਸ ਲਈ ਸਦਾ ਫਲ ਦੀ ਚਾਹ ਨੂੰ ਛਡ ਕੇ ਕਰਨੇ ਯੋਗ ਕਰਮ ਕਰੁ । ਜੋ ਫਲ ਦੀ ਚਾਹ ਨੂੰ ਛਡ ਕੇ ਕਰਮ ਕਰਦੇ ਹਨ ਉਨ੍ਹਾਂ ਨੂੰ ਮੁਕਤੀ ਮਿਲਦੀ ਹੈ॥19॥

ਜਨਕ ਆਦਿਕ ਨੇ (ਨਿਸ਼ਕਾਮ) ਕਰਮ ਕਰਦਿਆਂ ਹੀ ਮੁਕਤੀ ਪਾਈ । ਸੰਸਾਰ ਦੇ ਭਲੇ ਨੂੰ ਵਿਚਾਰ ਕੇ ਭੀ ਤੈਨੂੰ ਕਰਮ ਕਰਨਾ ਚਾਹੀਦਾ ਹੈ॥20॥

ਬੜਾ ਆਦਮੀ ਜੋ ਜੋ ਕੁਛ ਕਰਦਾ ਹੈ, ਦੂਜੇ ਆਦਮੀ ਭੀ ਉਹੀ ਉਹੀ ਕੁਛ ਕਰਦੇ ਹਨ। ਉਹ ਜੋ ਕੁਛ ਪ੍ਰਮਾਣ ਕਰ ਦਿੰਦਾ ਹੈ ਉਹੀ ਲੋਕ ਮੰਨ ਲੈਂਦੇ ਹਨ॥21॥

ਹੇ ਪਾਰਥ ! ਤ੍ਰਿਲੋਕੀ ਵਿਚ ਮੈਨੂੰ ਕੁਛ ਭੀ ਕਰਨ ਦੀ ਲੋੜ ਨਹੀਂ, ਨਾ ਕੋਈ ਅਪ੍ਰਾਪਤ ਚੀਜ਼ ਐਸੀ ਹੈ ਜੋ ਮੈਂ ਪ੍ਰਾਪਤ ਕਰਨੀ ਹੈ, ਤਦ ਭੀ ਮੈਂ ਕਰਮ ਕਰਦਾ ਹਾਂ॥22॥

ਹੇ ਪਾਰਥ ! ਜੇ ਮੈਂ ਅਣਥੱਕ ਹੋ ਕੇ ਕਰਮ ਨਾ ਕਰਾਂ ਤਾਂ ਲੋਕ ਮੇਰੀ ਹੀ ਰੀਸ ਕਰਨਗੇ ਅਰਥਾਤ ਕਰਮ ਨਹੀਂ ਕਰਨਗੇ॥23॥

ਜੇ ਕਰ ਮੈਂ ਕਰਮ ਨਾ ਕਰਾਂ ਤਾਂ ਇਹ ਸਭ ਲੋਕ ਨਸ਼ਟ ਹੋ ਜਾਣ, ਇਸ ਲਈ ਮੈਂ ਹੀ ਸ਼ੰਕਰ ਵਰਣ ਦਾ ਕਰਤਾ ਤੇ ਸਭ ਲੋਕਾਂ ਦੇ ਮਾਰਨ ਵਾਲਾ ਹੋ ਜਾਵਾਂ॥24॥

---

[24] ਗਿਆਨੀ ।

[25] ਗਿਆਨੀ ।

ਹੇ ਭਾਰਤ ! ਜਿਵੇਂ ਅਗਿਆਨੀ ਫਲ ਦੀ ਵਾਸ਼ਨਾ ਨਾਲ ਕਰਮ ਕਰਦੇ ਹਨ, ਤਿਵੇਂ ਹੀ ਗਿਆਨੀ ਨੂੰ ਬਿਨਾ ਵਾਸ਼ਨਾ ਦੇ ਕਰਮ ਕਰਨਾ ਚਾਹੀਦਾ ਹੈ । ਕੇਵਲ ਸੰਸਾਰ ਦੇ ਭਲੇ ਲਈ॥25॥

ਗਿਆਨੀ ਪੁਰਸ਼ ਨੂੰ ਚਾਹੀਦਾ ਹੈ ਕਿ ਫਲ ਦੀ ਵਾਸਨਾ ਨਾਲ ਕਰਮ ਕਰਨ ਵਾਲੇ ਅਗਿਆ ਨੀਆ ਦੀ ਬੁੱਧੀ ਵਿਚ ਭਰਮ ਪੈਦਾ ਨਾ ਕਰੋ; ਮੇਰੇ ਨਾਲ ਜੁੜੇ ਹੋਏ ਸਭ ਸੁਹਣੇ ਕਰਮਾਂ ਨੂੰ ਕਰੇ ਤੇ ਕਰਾਵੇ॥26॥

ਪ੍ਰਕ੍ਰਿਤੀ ਦੇ ਗੁਣਾਂ ਕਰਕੇ ਹੀ ਸਭ ਕਰਮ ਹੁੰਦੇ ਹਨ ਪਰ ਅਹੰਕਾਰ ਨਾਲ ਭਰਮਿਆ ਹੋਇਆ। ਆਦਮੀ ਸਮਝਦਾ ਹੈ ਕਿ ਮੈਂ ਕਰਦਾ ਹਾਂ॥27॥

ਪਰ ਹੇ ਮਹਾਂਬਾਹੋ ! ਗੁਣ ਅਤੇ ਕਰਮ ਦੇ ਵਿਭਾਗਾਂ[26] ਦੇ ਤੱਤ[27] ਨੂੰ ਜਾਨਣ ਵਾਲਾ- ਇਹ ਮੰਨਕੇ ਕਿ ਗੁਣ ਹੀ ਆਪਣੇ ਆਪਣੇ ਗੁਣਾਂ ਵਿਚ ਵਰਤਦੇ ਹਨ—ਨਿਰਲੇਪ ਰਹਿੰਦਾ ਹੈ ।॥28॥"

ਪ੍ਰਕ੍ਰਿਤੀ ਦੇ ਗੁਣਾਂ[28] ਨਾਲ ਮੋਹਿਤ ਹੋਏ ਹੋਏ ਆਦਮੀ ਗੁਣਾਂ ਅਤੇ ਕਰਮਾਂ ਵਿਚ ਲਿਪਤ ਹੁੰਦੇ ਹਨ, ਇਨ੍ਹਾਂ ਸਾਧਾਰਨ ਬੀਧਿਆ ਨੂੰ ਗਿਆਨੀ ਪੁਰਸ਼ ਭਰਮ ਵਿਚ ਨਾ ਪਾਵੇ॥29॥

ਆਤਮਾ ਵਿਚ ਮਨੁ ਲਾਕੇ ਸਭ ਕਰਮ ਮੇਰੇ ਅਰਪਣ ਕਰੁ, ਵਾਸ਼ਨਾ ਅਤੇ ਮਮਤਾ ਨੂੰ ਤਿਆਗ ਕੇ ਸ਼ੋਕ ਤੋਂ ਰਹਿਤ ਹੋ ਕੇ ਯੁੱਧ ਕਰੁ॥30॥

---

[26] ਵਿਭਾਗ=ਤਿਨ ਗੁਣ (ਸਤ, ਰਜ, ਤਮ) ਰੂਪ ਮਾਯਾ ਵਿਚੋਂ ਧਰਤਿ ਅਕਾਸ਼,ਪੈਣ, ਪਾਣੀ ਤੇ ਅਗਨੀ ਪੰਜ ਮਹਾਂਭੂਤ, ਮਨ, ਬੁਧਿ ਚਿੱਤ ਤੇ ਅਹੰਕਾਰ ਅੰਤਸ਼ ਕਰਨ। ਅੱਖਾਂ ਨਾਸਾਂ, ਜੀਭ, ਕੰਨ ਤੇ ਖਲੜੀ ਗਿਆਨ ਇੰਦ੍ਰੀਆਂ । ਹਥ, ਪੈਰ, ਜੀਭ, ਲਿੰਙ ਤੇ ਗੁਦਾ ਕਰਨ ਇੰਦ੍ਰੀਆਂ । ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਇਹ ਪੰਜ ਵਿਸ਼ੇ, ਇਨ੍ਹਾਂ ਸਾਰਿਆਂ ਦੇ ਇਕੱਠ ਨੂੰ ਗੁਣ ਵਿਭਾਗ ਆਖਦੇ ਹਨ ਅਤੇ ਇਨ੍ਹਾਂ ਦੀ ਚੇਸ਼ਟਾ ਅਥਵਾ ਕ੍ਰਿਆਵਾਂ ਦਾ ਨਾਮ ਕਰਮ ਵਿਭਾਗ ਹੈ।

[27] ਤਿੱਤ=ਉਪ੍ਰੋਕਤ ਗੁਣ ਵਿਭਾਗ ਅਤੇ ਕਰਮ ਵਿਭਾਗ ਨਾਲੋਂ ਆਤਮਾ ਨੂੰ ਅਸਗ ਅਰਥਾਤ ਨਿਰਲੇਪ ਸਮਝਣਾ ਹੀ ਇਨ੍ਹਾਂ ਦਾ ਤੱਤ ਜਾਨਣਾ ਹੈ ।

[28] ਪ੍ਰਕ੍ਰਿਤੀ ਦੇ ਗੁਣ=ਸਤ,ਰਜ ਤੇ ਤਮ।

ਜੋ ਆਦਮੀ ਸਾਫ਼ ਚਿਤ ਸ਼ਰਧਾ ਭਰੇ ਮਨ ਨਾਲ ਸਦਾ ਮੇਰੇ ਇਸ ਮਤ ਤੇ ਚਲਦੇ ਹਨ, ਉਹ ਕਰਮ ਬੰਧ ਤੋਂ ਛੁਟ ਜਾਂਦੇ ਹਨ॥31॥

ਜਿਹੜੇ ਦੋਸ਼ ਦ੍ਰਿਸ਼ਟੀ ਵਾਲੇ ਮੂਰਖ ਮੇਰੇ ਇਸ ਮਤ ਨੂੰ ਨਹੀਂ ਮੰਨਦੇ ਉਹ ਮੂੜ ਅਗਿਆਨੀ ਹਨ, ਤੇ ਉਹ ਨਸ਼ਟ ਹੋਣਗੇ॥32॥

ਗਿਆਨਵਾਨ ਆਦਮੀ ਭੀ ਆਪਣੇ ਸੁਭਾਵ[29] ਅਨੁਸਾਰ ਕਰਮ ਕਰਦਾ ਹੈ ਤੇ ਸਭ ਆਦਮੀ ਆਪਣੇ ਸੁਭਾਵ ਅਨੁਸਾਰ ਚਲਦੇ ਹਨ ਤਾਂ ਨਿਗ੍ਰਹ ਕਿਸ ਕੰਮ ?॥33॥

ਇੰਦ੍ਰੀਆਂ ਦੇ ਵਿਸ਼ਿਆਂ ਲਈ ਇੰਦ੍ਰੀਆਂ ਵਿਚ ਰਾਗ ਅਤੇ ਦ੍ਵੈਸ਼ ਵਸਦੇ ਹਨ, ਕੋਈ ਇਨ੍ਹਾਂ ਦੇ ਕਾਬੂ ਨਾ ਆਵੇ, ਇਹ ਦੋਨੋਂ ਇਸ ਮਾਰਗ ਦੀਆਂ ਰੁਕਾਵਟਾਂ ਹਨ।॥34॥

ਆਪਣਾ ਗੁਣ ਰਹਿਤ ਧਰਮ ਭੀ ਅੱਛੀ ਤਰ੍ਹਾਂ ਸੋਧੇ ਹੋਏ ਪਰ ਧਰਮ ਨਾਲੋਂ ਉੱਤਮ ਹੈ । ਆਪਣਾ ਧਰਮ ਪੂਰਾ ਕਰਦੇ ਹੋਇਆਂ ਮਰਨਾ ਭੀ ਅੱਛਾ ਹੈ, ਪਰ-ਧਰਮ ਵਿਚ ਡਰੁ ਹੈ॥35॥

ਅਰਜੁਨ ਉਵਾਚ:-

ਹੇ ਵਾਰਸ਼ਣੇਯ ! ਤਾਂ ਫਿਰ ਪੁਰਸ਼ ਕਿਉਂ ਜ਼ਬਰਦਸਤੀ ਲਾਏ ਹੋਏ ਵਾਂਗੂ ਨਾ ਚਾਹੁੰਦਾ ਹੋਇਆ ਭੀ ਪਾਪ ਕਮਾਉਂਦਾ ਹੈ ?॥36॥

ਸ੍ਰੀ ਭਗਵਾਨ ਉਵਾਚ :-

ਇਹ ਰਜੋ ਗੁਣ ਤੋਂ ਉੱਤਪਨ ਹੋਏ ਹੋਏ ਕਾਮ[30] ਕ੍ਰੋਧ[31] ਬੜੇ ਦੁਖਦਾਈ ਤੇ ਸਰਬ ਨਾਸ਼ਕ ਹਨ, ਇਨ੍ਹਾਂ ਨੂੰ ਇਸ ਲੋਕ ਵਿਚ ਤੂੰ ਆਪਣੇ ਵੈਰੀ ਸਮਝ॥37॥

ਜਿਸਤਰਾਂ ਧੂਏ ਨਾਲ ਅੱਗ, ਮੈਲ ਨਾਲ ਸ਼ੀਸ਼ਾ ਤੇ ਜੇਰ ਨਾਲ ਗਰਭ ਢਕੇ ਹੋਏ ਹੁੰਦੇ ਹਨ, ਉਸੇ ਤਰਾਂ ਇਹ (ਗਿਆਨ) ਉਸ (ਕਾਮ ਤੇ ਕ੍ਰੋਧ) ਨਾਲ ਢਕਿਆ ਹੋਇਆ ਹੈ॥38॥

---

[29] ਸੁਭਾਵ=ਪ੍ਰਕ੍ਰਿਤੀ ।

[30] ਕਾਮ=ਕਾਮਨਾ, ਚਾਹ, ਅਥਵਾ ਇੱਛਾ।

[31] ਕ੍ਰੋਧ =ਜੋਸ਼ !

ਗਿਆਨੀਆਂ ਦੇ ਵੈਰੀ ਕਾਮ ਨਾਲ ਗਿਆਨ ਢਕਿਆ ਹੋਇਆ ਹੈ, ਜੋ ਅੱਗ ਵਰਗਾ ਨਾ ਰੱਜਣ ਵਾਲਾ ਹੈ॥39॥

ਸਾਰੀਆਂ ਇੰਦ੍ਰੀਆਂ ਮਨ ਅਤੇ ਬੁਧਿ ਇਸ ਕਾਮ ਦੇ ਠਿਕਾਣੇ ਹਨ। ਇਹ ਇਨ੍ਹਾਂ ਦੁਆਰਾ ਹੀ ਗਿਆਨ ਨੂੰ ਢਕਕੇ ਜੀਵਾਤਮਾ ਨੂੰ ਮੋਹ ਉਤਪਨ ਕਰਦਾ ਹੈ॥40॥

ਇਸ ਲਈ ਹੇ ਭਰਤਰ[32] ਸ਼ਭ ! ਤੂੰ ਪਹਿਲਾਂ ਇੰਦ੍ਰੀਆਂ ਨੂੰ ਬਸ ਵਿਚ ਕਰਕੇ ਗਿਆਨ ਵਿਗਿਆਨ ਦਾ ਨਾਸ਼ ਕਰਨ ਵਾਲੇ ਇਸ (ਕਾਮ) ਪਾਪੀ ਨੂੰ ਮਾਰ॥41॥

(ਸਰੀਰ ਨਾਲੋਂ) ਇੰਦ੍ਰੀਆਂ, ਇੰਦ੍ਰੀਆਂ ਨਾਲੋਂ ਮਨੁ, ਅਤੇ ਮਨ ਤੋਂ ਬੁੱਧੀ ਪਰੇ ਹੈ, ਅਤੇ ਜੋ ਬੁੱਧੀ ਤੋਂ ਪਰੇ ਹੈ ਉਹ ਹੈ 'ਓਹ' (ਆਤਮਾ)॥42॥

ਇਸ ਤਰ੍ਹਾਂ ਉਸ (ਆਤਮਾ) ਨੂੰ ਬੁੱਧੀ ਨਾਲੋਂ ਪਰੇ ਜਾਣਕੇ, ਆਤਮਾ ਦੁਆਰਾ ਆਪ ਨੂੰ ਬਸ ਕਰਕੇ —ਹੇ ਮਹਾਂ ਬਾਹੋ !—ਬੜੀ ਮੁਸ਼ਕਲ ਨਾਲ ਜਿੱਤੇ ਜਾਣ ਵਾਲੇ ਕਾਮ ਰੂਪ ਵੈਰੀ ਨੂੰ ਮਾਰੁ॥43॥

ਇਤਿ ਸ੍ਰੀ ਕਰਮ ਯੋਗ ਵਰਣਨ ਨਾਮ

ਤੀਜਾ ਅਧਯਾਯ

-0-

---

[32] ਭਰਤਰ ਸ਼ਭ=ਅਰਜਨ ਦਾ ਨਾਮ ।

## ਚੌਥੇ ਅਧਯਾਯ ਦਾ ਸਾਰ

ਇਸ ਅਧਯਾਯ ਵਿਚ ਭਗਵਾਨ ਗਿਆਨੁ ਤੇ ਸਤ ਬੁੱਧੀ ਆਦਿ ਦੇ ਹਾਸਲ ਕਰਨ ਉੱਤੇ ਜ਼ੋਰ ਦਿੰਦੇ ਹਨ । ਭਗਵਾਨ ਦੇ 'ਮੇਰੇ ਤੋਂ ਸ਼ੁਰੂ ਹੋ ਕੇ ਇਹ ਯੋਗ ਪਰੰਪਰਾ ਤੋਂ ਚਲਿਆ ਆਇਆ ਹੈ' ਕਹਿਣ ਤੇ ਅਰਜਨ ਸ਼ੰਕਾ ਕਰਦਾ ਹੈ ਕਿ 'ਆਪ ਦਾ ਜਨਮ ਤਾਂ ਹੁਣ ਹੋਇਆ ਹੈ ਤੇ ਆਪ ਨੇ ਆਦਿ ਤੋਂ ਪੂਰਵਜਾਂ ਨੂੰ ਕਿਸ ਤਰਾਂ ਉਪਦੇਸ਼ ਕੀਤਾ ?' ਉੱਤਰ ਵਿਚ ਭਗਵਾਨ ਅਰਜਨ ਨੂੰ ਗਿਆਨ ਦਾ ਉਪਦੇਸ਼ ਕਰਦੇ ਹੋਏ ਫਰਮਾਉਂਦੇ ਹਨ ਕਿ 'ਮੈਂ ਅਜ (ਜਨਮ ਰਹਿਤ) ਅਨਾਸ਼ੀ, ਆਤਮਾਂ ਤੇ ਸਭ ਭੂਤਾਂ ਦਾ ਈਸ਼੍ਵਰ ਹਾਂ । ਆਪਣੀ ਮਾਯਾ ਦੁਆਰਾ ਆਪ ਹੀ ਪ੍ਰਗਟ ਹੁੰਦਾ ਹਾਂ । ਮੇਰੇ ਪ੍ਰਗਟ ਹੋਣ ਦਾ ਆਸ਼ਾ ਧਰਮ ਨੂੰ ਮੁੜ ਸਥਾਪਨ ਕਰਨਾ ਤੇ ਅਧਰਮ ਨੂੰ ਮਿਟਾਉਣਾ ਹੈ । ਆਪਣੇ ਉੱਤੇ ਕਾਬੂ ਪਏ ਹੋਏ, ਕੋਈ ਵਾਸ਼ਨਾ ਨਾ ਰਖਦੇ ਹੋਏ, ਸਦਾ ਮੇਰੀ (ਈਸ਼੍ਵਰ ਦੀ) ਸਰਣ ਨੂੰ ਪ੍ਰਾਪਤ ਹੋਏ ਹੋਏ, ਮੈਨੂੰ (ਭਗਵਾਨ ਨੂੰ) ਐਸਾ ਜਾਣਕੇ ਜੋ ਸਤ ਕਰਮ ਬਿਨਾ ਵਾਸ਼ਨਾ ਕਰਦੇ ਹਨ, ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦੇ ਹਨ ।

ਇਸੇ ਅਧਯਾਯ ਵਿਰ ਭਗਵਾਨ ਦਸਦੇ ਹਨ ਕਿ ਆਦਮੀ ਦੀ ਜਿੰਦਗੀ ਦਾ ਹਰ ਕੰਮ ਇਕ ਕਿਸਮ ਦਾ ਯੱਗ ਅਥਵਾ ਕੁਰਬਾਨੀ ਹੈ। ਆਦਮੀ ਦਾ ਜਰੂਰੀ ਫਰਜ਼ ਹੈ, ਕਿ ਜਿਤਨਾ ਕੁਛ ਉਹ ਕੁਦਰਤ ਵਿਚੋਂ ਅਪਣੀ ਉਪਜੀਵਕਾ ਵਾਸਤੇ ਲਵੇ, ਘੱਟ ਤੋਂ ਘੱਟ ਉਹ ਉਤਨਾ ਤਾਂ ਜ਼ਰੂਰ ਹੀ ਯੱਗ ਰੂਪੀ ਕਰਮ ਦੁਆਰਾ ਵਾਪਸ ਦੇਵੇ । ਉਹ, ਨਿਸ਼ਕਾਮ ਜਗਤ ਦੇ ਭਲੇ ਵਾਸਤੇ ਕਰਮ ਕਰਦਾ ਹੋਇਆ ਹੀ ਐਸਾ ਕਰ ਸਕਦਾ ਹੈ, ਇਸ ਲਈ ਭਗਵਾਨ ਆਖਦੇ ਹਨ ਕਿ 'ਹੇ ਅਰਜਨ ! ਆਤਮ ਗਿਆਨ ਦੀ ਖੜਗ ਨਾਲ, ਇਸ ਅਗਿਆਨ ਤੋਂ ਉਪਜੇ ਹੋਏ ਸ਼ੱਕ ਨੂੰ ਦੂਰ ਕਰਕੇ ਨਿਸ਼ਕਾਮ ਕਰਮ ਕਰਨ ਵਾਸਤੇ ਖੜਾ ਹੋ ।

-0-

## ਚੌਥਾ ਅਧਯਾਯ

ਸ੍ਰੀ ਭਗਵਾਨ ਉਵਾਰ-

ਇਸ ਅਨਾਸ਼ੀ ਯੋਗ ਨੂੰ ਪਹਿਲਾਂ ਮੈਂ ਸੂਰਜ ਨੂੰ ਸੁਣਾਇਆ, ਸੂਰਜ ਨੇ ਮਨੂੰ ਨੂੰ, ਅਤੇ ਮਨੂੰ ਨੇ ਅਗੇ ਇਖਵਾਕੁ ਨੂੰ ਸੁਣਾਇਆ॥1॥

ਏਸੇ ਤਰ੍ਹਾ ਇਕ ਦੂਜੇ ਤੋਂ ਸੁਣਦਿਆਂ ਹੋਇਆ ਰਾਜ ਰਿਸ਼ੀਆਂ ਨੇ ਇਸ ਯੋਗ ਨੂੰ ਜਾਣਿਆ, ਪਰੰਤੂ ਹੇ ਅਰਜਨ ! ਬਹੁਤ ਬਹੁਤ ਸਮਾ ਗੁਜਰ ਜਾਣ ਕਰਕੇ ਇਹ ਯੋਗ ਏਥੇ ਲੋਪ ਹੋ ਗਿਆ ਸੀ॥2॥

ਉਹੀ ਪੁਰਾਣਾ ਯੋਗ ਹੁਣ ਮੈਂ ਤੈਨੂੰ ਸੁਣਾਇਆ ਹੈ, ਕਿਉਂਕਿ ਤੂੰ ਮੇਰਾ ਭਗਤ ਤੇ ਸਖਾ ਹੈਂ। ਇਹ (ਗਿਆਨ ਯੋਗ) ਉੱਤਮ ਭੇਦ ਹੈ॥3॥

ਅਰਜਨ ਨੇ ਕਿਹਾ :-

ਆਪ ਦਾ ਜਨਮ ਤਾਂ ਹੁਣ ਹੋਇਆ ਹੈ ਅਤੇ ਸੂਰਜ ਦਾ ਜਨਮ ਬਹੁਤ ਪਹਿਲਾਂ ਦਾ ਹੈ. ਇਸ ਲਈ ਇਹ ਮੈਂ ਕਿਵੇਂ ਸਮਝਾਂ ਕਿ ਤੁਸੀਂ ਆਦਿ ਵਿਚ ਇਹ ਯੋਗ ਉਪਦੇਸ਼ ਕੀਤਾ।॥4॥

ਸ੍ਰੀ ਭਗਵਾਨ ਬੋਲੇ :-

ਹੇ ਅਰਜਨ ! ਮੇਰੇ ਅਤੇ ਤੇਰੇ ਬਹੁਤ ਸਾਰੇ ਜਨਮ ਹੋ ਚੁੱਕੇ ਹਨ। ਹੇ ਪਰੰਤਪ ! ਉਨਾਂ ਸਭਨਾ ਦਾ ਹਾਲ ਤੂੰ ਨਹੀਂ ਜਾਣਦਾ, ਪਰ ਮੈਂ ਜਾਣਦਾ ਹਾਂ॥5॥

ਮੈਂ ਅਜਨਮਾ ਅਬਿਨਾਸ਼ੀ ਆਤਮਾ ਅਤੇ ਸਭ ਪ੍ਰਾਣੀਆਂ ਦਾ ਈਸ਼੍ਵਰ ਹਾਂ, ਪਰ ਅਪਣੀ ਮਾਯਾ ਨਾਲ ਆਪਣੀ ਪ੍ਰਕ੍ਰਿਤੀ ਦੇ ਆਸਰੇ ਪ੍ਰਗਟ ਹੁੰਦਾ ਹਾਂ॥6॥

ਹੇ ਭਾਰਤ ਜਦ ਜਦ ਧਰਮ ਦੀ ਹਾਨੀ ਹੁੰਦੀ ਹੈ ਅਤੇ ਅਧਰਮ ਜ਼ੋਰ ਫੜਦਾ ਹੈ ਤਦ ਤਦ ਹੀ ਮੈਂ ਆਉਂਦਾ ਹਾਂ॥7॥

ਧਰਮੀਆਂ ਦੀ ਰਖਿਆ, ਦੁਸ਼ਟਾਂ ਦਾ ਨਸ਼ਟ ਕਰਨ ਲਈ ਅਤੇ ਧਰਮ ਨੂੰ ਕਾਇਮ ਕਰਨ ਲਈ ਮੈਂ ਯੁੱਗ ਯੁੱਗ ਵਿਚ ਅਵਤਾਰ ਧਾਰਦਾ ਹਾਂ॥8॥

ਹੇ ਅਰਜਨ ! ਜੋ ਮੇਰੇ ਅਵਤਾਰ ਧਾਰਨ ਅਤੇ ਇਨ੍ਹਾਂ ਕਰਮਾਂ ਦਾ ਤੱਤ ਜਾਣ ਲੈਂਦਾ ਹੈ, ਉਹ ਦੇਹਿ ਤਿਆਗ ਕੇ ਫਿਰ ਜਨਮ ਨਹੀਂ ਲੈਂਦਾ ਮੈਨੂੰ ਆ ਮਿਲਦਾ ਹੈ॥9॥

ਬਹੁਤ ਸਾਰੇ ਰਾਗ ਭੈ ਅਤੇ ਕ੍ਰੋਧ ਨੂੰ ਤਿਆਗਕੇ ਮਰੇ ਵਿਚ ਇਸਥਿਤ ਮੇਰੇ ਆਸਰੇ ਨੂੰ ਲੈਕੇ ਗਿਆਨ ਦੇ ਤਪ ਨਾਲ ਪਵਿਤ੍ਰ ਹੋ ਕੇ ਮੈਨੂੰ ਆ ਮਿਲੇ ਹਨ॥10॥

ਹੇ ਪਾਰਥ ! ਜਿਸ ਮਾਰਗ ਤੇ ਲੋਕ ਮੇਰੀ ਵਲ ਆਉਂਦੇ ਹਨ ਮੈਂ ਉਸੇ ਤਰ੍ਹਾਂ ਉਨ੍ਹਾਂ ਨੂੰ ਲੈਂਦਾ ਹਾਂ ਕਿਉਂਕਿ ਹਰ ਤਰਫੋਂ ਜੋ ਮਾਰਗ ਲੋਕ ਲੈਂਦੇ ਹਨ ਉਹ ਮੇਰਾ ਹੀ ਹੈ॥11

ਇਸ ਸੰਸਾਰ ਵਿਚ ਕਰਮ ਦੀ ਸਿੱਧੀ ਚਾਹੁਣ ਵਾਲੇ ਦੇਵਤਿਆਂ ਨੂੰ ਪੂਜਦੇ ਹਨ, ਕਿਉਂਕਿ ਕਰਮ ਤੋਂ ਸਿੱਧੀ ਜਲਦੀ ਪ੍ਰਾਪਤ ਹੁੰਦੀ ਹੈ ।। 12॥

ਚਾਰੇ ਵਰਣ ਅਪਣੇ ਅਪਣੇ ਗੁਣ ਅਤੇ ਕਰਮਾਂ ਕਰਕੇ ਮੈਂ ਹੀ ਬਣਾਏ ਹਨ । ਮੈਂ ਭਾਵੇਂ ਕਰਤਾ ਹਾਂ ਤਦ ਭੀ ਮੈਨੂੰ ਅਕਰਤਾ ਅਤੇ ਅਬਿਨਾਸ਼ੀ ਜਾਣੁ॥13॥

ਕਰਮ ਮੈਨੂੰ ਨਹੀਂ ਛੂਹੰਦੇ ਅਤੇ ਨਾ ਹੀ ਮੈਂ ਕਰਮਾਂ ਦੇ ਵਲ ਦੀ ਇੱਛਾ ਰਖਦਾ ਹਾਂ । ਜਿਹੜਾ ਮੈਨੂੰ ਅਜੇਹਾ ਜਾਣਦਾ ਹੈ ਉਸ ਨੂੰ ਕਰਮਾਂ ਦਾ ਬੰਧ ਨਹੀਂ ਹੁੰਦਾ॥14॥

ਏਹੋ ਜਾਣਕੇ ਪਹਿਲੇ ਮੁਕਤੀ ਚਾਹੁਣ ਵਾਲੇ ਲੋਕਾਂ ਨੇ ਕਰਮ ਕੀਤੇ, ਇਸ ਲਈ ਤੂੰ ਭੀ ਉਸੇ ਤਰਾਂ ਕਰਮ ਕਰੁ, ਜਿਸ ਤਰਾਂ ਪਿਛਲੇ ਸਮੇਂ ਵਿਚ ਲੋਕਾਂ ਨੇ ਕੀਤੇ ਸਨ।॥15॥

"ਕਰਮ ਕੀ ਹੈ ਅਤੇ ਅਕਰਮ ਕੀ ਹੈ ?" ਇਸ ਗਲ ਦੀ ਵਿਚਾਰ ਵਿਚ ਬੁੱਧੀਵਾਨ ਪੁਰਸ਼ ਭੀ ਚਕਰਾ ਜਾਂਦੇ ਹਨ, ਇਸ ਵਾਸਤੇ ਮੈਂ ਤੈਨੂੰ ਉਸ ਕਰਮ ਦਾ ਕਰਨਾ ਦਸਦਾ ਹਾਂ, ਜਿਸ ਨੂੰ ਜਾਣ ਕੇ ਤੂੰ ਪਾਪ ਤੋਂ ਛੁਟ ਜਾਵੇਗਾ॥16॥

ਕਿਹੜਾ ਕਰਮ ਕਰਨਾ ਚਾਹੀਦਾ, ਕਿਹੜਾ ਨਾ ਕਰਨ ਯੋਗ ਅਤੇ ਕਿਹੜਾ ਅਕਰਮ ਹੈ ? ਇਸ ਦਾ ਵਿਚਾਰ ਕਰਨਾ ਜਰੂਰੀ ਹੈ । ਕਰਮ ਦੀ ਗਤੀ ਬੜੀ ਗੂੜ੍ਹ ਹੈ ॥ 17॥

ਜਿਹੜਾ ਕਰਮ[33] ਵਿਚ ਅਕਰਮ ਅਤੇ ਅਕਰਮ ਵਿਚ ਕਰਮ ਦੇਖਦਾ ਹੈ, ਮਨੁੱਖਾਂ ਵਿਚ ਉਹੀ ਬੁੱਧੀਵਾਨ ਯੋਗੀ ਅਤੇ ਕਰਮ ਦੇ ਕਰਨ ਵਾਲਾ ਹੈ॥18॥

ਜਿਸ ਦੇ ਸਭ ਕਰਮ ਬਿਨਾ ਕਾਮਨਾ ਦੇ ਸੰਕਲਪ ਦੇ ਹਨ ਅਤੇ ਜਿਸ ਦੇ ਸਭ ਕਰਮ ਗਿਆਨ ਰੂਪੀ ਅੱਗ ਨਾਲ ਜਲ ਗਏ ਹਨ, ਗਿਆਨੀ ਲੋਕ ਉਸੇ ਨੂੰ ਪੰਡਤ ਆਖਦੇ ਹਨ।॥19॥

ਜਿਹੜਾ ਕਰਮ ਦੇ ਫਲ ਦੀ ਚਾਹ ਨਹੀਂ ਰਖਦਾ, ਸਦਾ ਸੰਤੋਖੀ ਤੇ ਸੰਸਾਰ ਵਲੋਂ ਨਿਰ ਆਸਰਾ ਹੈ, ਉਹ ਸਭ ਕਰਮ ਕਰਦਾ ਹੋਇਆ ਭੀ ਕੋਈ ਕਰਮ ਨਹੀਂ ਕਰਦਾ॥20॥

ਜੋ ਸਭ ਆਸ਼ਾ ਛਡਿ, ਚਿਤ ਅਤੇ ਆਤਮਾ ਨੂੰ ਵਸ ਕਰਕੇ, ਸਭ ਕੁਛ ਤਿਆਗ ਕੇ, ਕੇਵਲ ਦੇਹਿ ਨਾਲ ਹੀ ਕਰਮ ਕਰਦਾ ਹੈ ਉਹ ਪਾਪ ਦਾ ਭਾਗੀ ਨਹੀਂ ਹੁੰਦਾ॥21॥

ਜਿਹੜਾ ਆਪਣੇ ਆਪ ਮਿਲੀ ਚੀਜ਼ ਤੇ ਸੰਤੋਖ ਕਰਦਾ ਹੈ, (ਸੁੱਖ ਦੁੱਖ ਆਦਿ) ਦ੍ਵੰਦ ਤੋ ਛੁਟ ਗਿਆ ਹੈ, ਈਰਖਾ ਤੋਂ ਰਹਿਤ ਸਫਲਤਾ ਅਤੇ ਅਸਫਲਤਾ ਵਿਚ ਇਕੋ ਜੇਹਾ ਰਹਿਣ ਵਾਲਾ ਪੁਰਸ਼ ਕਰਮ ਕਰਦਾ ਹੋਇਆ ਭੀ ਕਰਮ ਬੰਧ ਵਿਚ ਨਹੀਂ ਫਸਦਾ॥22॥

ਫਲ ਦੀ ਅਭਿਲਾਸ਼ਾ ਤੋਂ ਰਹਿਤ, ਮੁਕਤ, ਜਿਸ ਦਾ ਚਿਤੁ ਗਿਆਨ ਵਿਚ ਹੀ ਇਸਥਿਤ ਹੈ, ਅਤੇ ਜਿਸ ਦੇ ਸਭ ਕਰਮ ਯੱਗ[34] ਹੀ ਹਨ, ਉਸ ਪੁਰਸ਼ ਦੇ ਸਭ ਕਰਮ ਨਸ਼ਟ ਹੋ ਜਾਂਦੇ ਹਨ॥23॥

ਜਿਸ ਦਾ ਬ੍ਰਹਮ ਹੀ ਹੋਮ ਹੈ ਬ੍ਰਹਮ ਹੀ ਘੇਓ, ਬ੍ਰਹਮ ਰੂਪੀ ਅਗਨੀ ਵਿਚ ਬ੍ਰਹਮ ਦੀ ਅਹੁਤੀ ਪਾਉਂਦਾ ਹੋਇਆ, ਬ੍ਰਹਮ ਨੂੰ ਹੀ ਅਰਪਣ ਕਰਦਾ ਹੈ, ਜੋ ਆਪਣੇ ਸਭ ਕਰਮ ਕਰਨ ਵਿਚ ਕੇਵਲ ਬ੍ਰਹਮ ਦਾ ਧਿਆਨ ਕਰਦਾ ਹੈ, ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ ।॥24॥

---

[33] ਕਰਮ ਵਿਚ ਅਕਰਮ ਤੇ ਅਕਰਮ ਵਿਚ ਕਰਮ ਦਾ ਮਤਲਬ ਹੈ ਕਿ ਜਿਹੜਾ ਪੁਰਸ਼ 'ਕਰਮ' ਅਰਥਾਤ ਅਹੰਕਾਤ ਰਹਿਤ ਕੀਤੇ ਹੋਏ ਸਾਰੇ ਕੰਮਾਂ ਵਿਚ 'ਅਕਰਮ' ਅਰਥਾਤ ਵਾਸਤਵ ਵਿਚ ਉਨ੍ਹਾਂ ਦਾ 'ਨਾ ਹੋਣਾ ਪਨ' ਦੇਖੇ, ਅਤੇ 'ਅਕਰਮ ਵਿਚ' ਅਰਥਾਤ ਅਗਿਆਨੀ ਪੁਰਸ਼ ਦੁਆਰਾ ਕੀਤੇ ਹੋਏ ਸਾਰੇ ਕੰਮਾਂ ਦੇ ਤਿਆਗ ਵਿਚ ਭੀ 'ਕਰਮ ਨੂੰ ਅਰਥਾਤ ਤਿਆਗ ਰੂਪ ਕ੍ਰਿਆ ਨੂੰ ਦੇਖੇ ।

[34] ਯੱਗ=ਈਸ਼ੂਰ ਅਰਪਣ, ਅਥਵਾ ਜਗਤ ਦੇ ਭਲੇ ਲਈ ਕਰਮ ।

ਕਈ ਯੋਗੀ ਦੇਵਤਿਆਂ ਲਈ ਹੀ ਯੱਗ ਕਰਦੇ ਹਨ, ਹੋਰ ਬ੍ਰਹਮ ਅਗਨੀ ਵਿਚ ਬ੍ਰਹਮ ਯੱਗ ਰੂਪ ਨਾਲ ਹੋਮ ਕਰਦੇ ਹਨ ।॥25॥

ਕਈ ਆਪਣੇ ਕੰਨ ਅੱਖਾਂ ਆਦਿ ਇੰਦ੍ਰੀਆਂ ਸੰਜਮ ਰੂਪ ਅਗਨੀ ਵਿਚ ਹੋਮ ਕਰਦੇ ਹਨ, ਕਈ ਇੰਦ੍ਰੀਆਂ ਦੇ ਵਿਸ਼ੇ ਸ਼ਬਦ ਆਦਿ ਨੂੰ ਇੰਦ੍ਰੀਆਂ ਰੂਪ ਅਗਨੀ ਵਿਚ ਹੋਮ ਕਰਦੇ ਹਨ॥26॥

ਕਈ ਸਭ ਇੰਦ੍ਰੀਆ ਦੇ ਕਰਮਾਂ ਅਤੇ ਪ੍ਰਾਣਾਂ ਦੇ ਕਰਮਾਂ ਨੂੰ ਗਿਆਨ ਦੀ ਜਲਾਈ ਹੋਈ, ਆਪਣੇ ਆਪ ਤੇ ਕਾਬੂ ਪਾਉਣ ਰੂਪੀ ਅਗਨੀ ਵਿਚ ਹੋਮ ਕਰਦੇ ਹਨ॥27॥

ਕਈ ਧਨ ਦਾਨ ਰੂਪੀ ਯੱਗ, ਕਈ ਤਪ ਰੂਪੀ ਯੱਗ ਕਈ ਯੋਗ ਰੂਪੀ ਯੱਗ, ਕਈ ਪੜ੍ਹਨਾ ਅਤੇ ਵਿਚਾਰਨਾ ਰੂਪੀ ਯੱਗ ਅਤੇ ਕਈ ਯਤਨ ਸ਼ੀਲ ਪੁਰਸ਼ ਅਤਯੰਤ ਦ੍ਰਿੜ ਬ੍ਰਤ ਰੂਪੀ ਯੱਗ ਕਰਦੇ॥28॥

ਕਈ ਅਪਾਨ ਵਿਚ ਪ੍ਰਾਣਾਂ ਦਾ ਤੇ ਪ੍ਰਾਣਾਂ ਵਿਚ ਅਪਾਨ ਦਾ ਹੋਮ ਕਰਦੇ ਹਨ ਅਤੇ ਪ੍ਰਾਣ ਅਪਾਨ ਨੂੰ ਰੋਕ ਕੇ ਪ੍ਰਾਣਾਯਾਮ ਵਿਚ ਤਤਪਰ ਰਹਿੰਦੇ ਹਨ॥29॥

ਕਈ ਖਾਣ ਪੀਣ ਤੇ ਕਾਬੂ[35] ਪਾ ਕੇ ਪ੍ਰਾਣਾਂ ਵਿਚ ਹੋਮ ਕਰਦੇ ਹਨ, ਇਹ ਸਭ ਯੱਗ ਦੇ ਜਾਣਨ ਵਾਲੇ ਹਨ ਤੇ ਯੱਗ ਨਾਲ ਹੀ ਇਨ੍ਹਾਂ ਦੇ ਸਭ ਪਾਪ ਨਸ਼ਟ ਹੋ ਗਏ ਹਨ॥30॥

ਹੇ ਕੁਰੂ ਸਤਮ ! (ਅਰਜਨ) ਐਸੇ ਯੱਗ ਦਾ ਬਚਿਆ ਹੋਇਆ ਅਮ੍ਰਿਤ ਰੂਪੀ ਖਾ ਕੇ ਹੀ ਸਨਾਤਨ ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ, ਜੋ ਯੱਗ ਨਹੀਂ ਕਰਦੇ ਉਨ੍ਹਾਂ ਵਾਸਤੇ ਨਾ ਇਹ ਲੋਕ ਹੈ ਤੇ ਨਾ ਪਰਲੋਕ॥31॥

ਕਈ ਕਿਸਮ ਦੇ ਯੱਗ, ਬ੍ਰਹਮ ਦੇ ਸਾਮ੍ਹਣੇ ਵਿਸਥਾਰ ਹੋਏ ਹੋਏ ਹਨ । ਇਹ ਸਭ ਕਰਮ ਦੇ ਵਿਚੋਂ ਹੀ ਪੈਦਾ ਹੋਏ ਹਨ। ਇਹ ਜਾਣ ਕੇ ਤੂੰ ਮੁਕਤੀ ਪਾਵੇਂਗਾ॥32॥

ਹੇ ਪਰੰਤਪ ! ਸਭ ਚੀਜ਼ਾਂ ਦੇ ਯੱਗਾਂ ਤੋਂ ਸ੍ਰੇਸ਼ਟ ਗਿਆਨ ਯੱਗ ਹੈ, ਜਿੰਨੇ ਕਰਮ ਹਨ ਉਹ ਸਭ ਗਿਆਨ ਵਿਚ ਸਮਾਪਤ ਹੋ ਜਾਂਦੇ ਹਨ॥33॥

---

[35] ਕਾਬੂ=ਨਿਯਮਤ ਅਹਾਰ ।

ਪ੍ਰਣਾਮ ਕਰਕੇ, ਪ੍ਰਸ਼ਨ ਕਰਕੇ ਤੇ ਸੇਵਾ ਕਰਕੇ ਤੂੰ ਇਹ ਸਿੱਖ । ਤੱਤ ਦਰਸ਼ੀ ਗਿਆਨੀ ਤੈਨੂੰ ਇਸ ਗਿਆਨ ਦਾ ਉਪਦੇਸ਼ ਕਰਨਗੇ॥34॥

ਇਸ ਗਿਆਨ ਦੇ ਹੋਣ ਤੇ ਫੇਰ ਤੈਨੂੰ ਮੋਹ ਰੂਪੀ ਅਗਿਆਨ ਨਹੀਂ ਹੋਵੇਗਾ । ਏਸੇ ਗਿਆਨ ਕਰਕੇ ਤੂੰ ਸਭ ਜੀਵਾਂ ਨੂੰ ਆਪਣੇ ਆਤਮਾ ਵਿਚ ਅਤੇ ਮੇਰੇ ਵਿਚ ਦੇਖੇਂਗਾ॥35॥

ਜੇ ਤੂੰ ਸਭ ਪਾਪੀਆਂ ਤੋਂ ਅਧਿਕ ਪਾਪੀ ਭੀ ਹੋਵੇਂ, ਏਸ ਗਿਆਨ ਰੂਪੀ ਬੇੜੀ ਤੇ ਚੜ੍ਹਕੇ ਪਾਪ ਸਾਗਰ ਤੋਂ ਪਾਰ ਹੋ ਜਾਵੇਂਗਾ॥36॥

ਹੇ ਅਰਜਨ ! ਜਿਵੇਂ ਜਲਦੀ ਹੋਈ ਅੱਗ ਲੱਕੜੀ ਨੂੰ ਜਲਾ ਕੇ ਸੁਆਹ ਕਰ ਦਿੰਦੀ ਹੈ, ਤਿਵੇਂ ਹੀ ਗਿਆਨ ਦੀ ਅਗਨੀ ਸਭ ਕਰਮਾਂ ਨੂੰ ਜਲਾ ਕੇ ਸੁਆਹ ਕਰ ਦਿੰਦੀ ਹੈ॥37॥

ਇਸ ਜਗਤ ਵਿਚ ਗਿਆਨ ਜੇਹੀ ਪਵਿਤ੍ਰ ਕਰਨ ਵਾਲੀ ਹੋਰ ਕੋਈ ਚੀਜ਼ ਨਹੀਂ। ਯੋਗ ਵਿਚ ਸਿੱਧੀ ਹੋਣ ਤੇ ਸਮੇਂ ਸਿਰ ਇਹ ਗਿਆਨ ਦ੍ਰਿੜ ਹੋ ਜਾਂਦਾ ਹੈ॥38॥

ਉਹ ਪੁਰਸ਼ ਜੋ ਸ਼੍ਰਧਾਵਾਨ ਹੈ ਅਤੇ ਜਿਸ ਨੇ ਇੰਦ੍ਰੀਆਂ ਉਤੇ ਕਾਬੂ ਪਾਇਆ ਹੋਇਆ ਹੈ ਗਿਆਨ ਨੂੰ ਪਾਉਂਦਾ ਹੈ; ਅਤੇ ਇਸ ਗਿਆਨ ਨੂੰ ਪਾ ਕੇ ਜਲਦੀ ਹੀ ਪਰਮ ਸ਼ਾਂਤਿ ਪਦਵੀ ਨੂੰ ਪ੍ਰਾਪਤ ਹੁੰਦਾ ਹੈ ।॥39॥

ਜੋ ਅਗਿਆਨੀ ਸ਼੍ਰਧਾ ਹੀਨ ਅਤੇ ਸ਼ੱਕੀ ਹੈ ਉਹ ਨਸ਼ਟ ਹੋ ਜਾਂਦਾ ਹੈ । ਸ਼ੱਕੀ ਨੂੰ ਨਾ ਇਸ ਲੋਕ ਵਿਚ ਤੇ ਨਾ ਪ੍ਰਲੋਕ ਵਿਚ ਕੁਛ ਮਿਲਦਾ ਹੈ, ਅਤੇ ਨਾ ਸੁਖ ਹੀ ਮਿਲਦਾ ਹੈ॥40॥

ਹੇ ਧਨੰਜਯ ! ਜਿਸਨੇ ਯੋਗ[36] ਕਰਕੇ ਕਰਮਾਂ ਦਾ ਤਿਆਗ ਕਰ ਦਿੱਤਾ ਹੈ ਅਤੇ ਗਿਆਨ ਨਾਲ ਜਿਸਦੇ ਸਭ ਸੰਸ਼ੇ ਦੂਰ ਹੋ ਗਏ ਹਨ, ਉਸ ਆਤਮ-ਵਾਨ[37] ਪੁਰਸ਼ ਨੂੰ ਕਰਮ ਦਾ ਬੰਧ ਨਹੀਂ ਹੁੰਦਾ॥41॥

---

[36] ਯੋਗ=ਆਤਮ ਗਿਆਨ ਯੋਗ ।

[37] ਆਤਮਵਾਨ=ਆਤਮਾ ਵਿਚ ਇਸਥਿਤ॥

ਇਸਵਾਸਤੇ ਹੇ ਭਾਰਤ ! ਗਿਆਨ ਰੂਪੀ ਤਲਵਾਰ ਨਾਲ, ਇਸ ਸੰਸ਼ੇ ਨੂੰ—ਜੋ ਅਗਿਆਨਤਾ ਨਾਲ ਤੇਰੇ ਦਿਲ ਵਿਚ ਪੈਦਾ ਹੋ ਗਿਆ ਹੈ—ਕੱਟੂ, ਅਤੇ ਯੋਗ ਵਿਚ ਇਸਥਿਤ ਹੋਕੇ ਖੜਾ ਹੋ॥42॥

ਇਤਿ ਸ੍ਰੀ ਕਰਮ ਤੇ ਸਨਯਾਸ ਯੋਗ ਵਰਣਨ ਨਾਮ ਚੌਥਾ ਅਧਯਾਯ॥

-0-

## ਪੰਜਵੇ ਅਧਯਾਯ ਦਾ ਸਾਰ

ਅਰਜਨ ਫੇਰ ਪ੍ਰਸ਼ਨ ਕਰਦਾ ਹੈ, ਕਿ 'ਭਗਵਾਨ ! ਆਪ ਨੇ ਸਨਯਾਸ ਅਰਥਾਤ ਕਰਮ ਦ ਤਿਆਗ ਵੀ ਸੁਲਾਹਿਆ ਹੈ, ਤੇ ਨਿਸ਼ਕਾਮਤਾ ਨਾਲ ਕਰਮ ਦਾ ਕਰਨਾ ਵੀ । ਮੈਨੂੰ ਸਪਸ਼ਟ ਕਰਕੇ ਦੱਸੋ ਕਿ ਇਨ੍ਹਾਂ ਦੋਹਾਂ ਵਿਚੋਂ ਸ੍ਰੇਸ਼ਟ ਕਿਹੜਾ ਹੈ ?' ਇਸ ਦੇ ਉੱਤਰ ਵਿਚ ਭਗਵਾਨ ਫੁਰਮਾਉਂਦੇ ਹਨ :-'ਭਾਵੇਂ ਇਨ੍ਹਾਂ ਦੋਹਾਂ ਤਰੀਕਿਆਂ ਨਾਲ ਆਦਮੀ ਮੁਕਤ ਹੋ ਸਕਦਾ ਹੈ, ਪਰ ਨਿਸ਼ਕਾਮ ਨਾਲ ਕਰਮ ਕਰਨਾ, ਕਰਮ ਦੇ ਨਾ ਕਰਨ ਨਾਲੋਂ ਸ੍ਰੇਸ਼ਟ ਹੈ' ਭਾਵੇਂ ਦੋਹਾਂ ਮਾਰਗਾਂ ਵਾਸਤੇ ਸਾਧਨ ਇੱਕੋ ਹੀ ਹੈ, ਜਾਣੀ ਕਾਮ ਰਾਗ ਦ੍ਵੈਸ਼ ਆਦਿ ਦ੍ਵੰਦਾ ਤੋਂ ਬਰੀ ਹੋਣਾ, ਪਰ ਨਿਸ਼ਕਾਮ ਯੋਗ ਭਗਵਾਨ ਇਸ ਵਾਸਤੇ ਸ੍ਰੇਸ਼ਟ ਗਿਣਦੇ ਹਨ ਕਿ ਉਹ ਈਸ਼੍ਵਰ ਦੇ ਚਲਾਏ ਹੋਏ ਸੰਸਾਰ ਦੇ ਨਾਲ ਉਸ ਦਾ ਭਾਣਾ ਮੰਨਦਾ ਹੋਇਆ, ਜਗਤ ਦੇ ਭਲੇ ਲਈ ਕਰਮ ਕਰਦਾ ਹੈ। ਐਸਾ ਯੋਗੀ ਦੇਹਿ ਇੰਦ੍ਰੀਆਂ, ਮਨ ਆਦਿ ਨਾਲ ਕਰਮ ਕਰਦਾ ਹੋਇਆ ਨਿਰਲੇਪ ਰਹਿੰਦਾ ਹੈ, ਅਤੇ ਉਹ ਇੰਦ੍ਰੀਆ ਦੇ ਵਿਸ਼ਿਆਂ ਨਾਲ ਸਪਰਸ਼ ਹੋਣ ਤੇ ਭੀ ਬੇ ਅਸਰ ਰਹਿੰਦਾ ਹੈ ।

-0-

## ਪੰਜਵਾਂ ਅਧਯਾਯ

ਅਰਜੁਨ ਉਵਾਰ-

ਹੇ ਕ੍ਰਿਸ਼ਨ ! ਕਰਮ ਦੇ ਤਿਆਗ ਨੂੰ ਵੀ ਅਤੇ (ਕਰਮ) ਯੋਗ ਨੂੰ ਭੀ ਸਲਾਹੁੰਦੇ ਹੋ ਮੈਨੂੰ ਨਿਸਚੇ ਕਰ ਕੇ ਦੱਸੋ ਕਿ ਇਨ੍ਹਾਂ ਦੋਹਾਂ ਵਿਚੋਂ ਉੱਤਮ ਕਿਹੜਾ ਹੈ ?॥1॥

ਸ਼੍ਰੀ ਕ੍ਰਿਸ਼ਨ ਭਗਵਾਨ ਬੋਲੇ :-

ਕਰਮ ਦਾ ਤਿਆਗ ਅਤੇ ਕਰਮ[38] ਯੋਗ ਦੋਨੋਂ ਹੀ ਕਲਿਆਣ ਕਰਨ ਵਾਲੇ ਹਨ, ਪਰ ਕਰਮ ਦੇ ਤਿਆਗ ਨਾਲੋਂ ਕਰਮ ਯੋਗ ਸ੍ਰੇਸ਼ਟ ਹੈ ।॥2॥

ਹੇ ਮਹਾਂਬਾਹੋ ! ਜੋ ਨਾ ਕਿਸੇ ਨਾਲ ਦ੍ਵੈਸ਼ ਰੱਖਦਾ ਹੈ, ਨਾ ਕੁਛ ਲੈਣ ਦੀ ਇੱਛਾ, ਅਤੇ ਦ੍ਵੰਦ[39] ਤੋਂ ਰਹਿਤ ਹੈ, ਉਸ ਨੂੰ ਸਦਾ ਸਨਿਆਸੀ ਜਾਣੋ । ਉਹ ਸਹਿਜੇ ਹੀ ਸੰਸਾਰ ਬੰਧਨ ਤੋਂ ਛੁਟ ਜਾਂਦਾ ਹੈ॥3॥

ਗਿਆਨੀ ਨਹੀਂ, ਸਗੋਂ ਬੇ ਸਮਝ ਆਦਮੀ ਸਾਂਖ ਅਤੇ ਯੋਗ ਨੂੰ ਜੁਦਾ ਜੁਦਾ ਮੰਨਦੇ ਹਨ; ਇਨ੍ਹਾਂ ਦੋਹਾਂ ਵਿਚੋਂ ਇਕ ਉੱਤੇ ਭੀ ਪੱਕੀ ਤਰ੍ਹਾਂ ਇਸਥਿਤ ਹੋਇਆ ਹੋਇਆ ਆਦਮੀ ਦੋਹਾਂ ਦਾ ਫਲ ਪਾ ਲੈਂਦਾ ਹੈ॥4॥

ਜੋ ਪਦਵੀ ਸਾਂਖ[40] ਯੋਗ ਨਾਲ ਮਿਲਦੀ ਹੈ, ਉਹੀ ਕਰਮ ਯੋਗ ਨਾਲ ਭੀ ਮਿਲਦੀ ਹੈ, ਇਸ ਲਈ ਜੋ ਗਿਆਨ ਯੋਗ ਅਤੇ ਕਰਮ ਯੋਗ ਦੋਹਾਂ ਨੂੰ ਇਕ ਦੇਖਦਾ ਹੈ, ਉਹੀ ਠੀਕ ਦੇਖਦਾ ਹੈ॥5॥

ਹੇ ਮਹਾਂਬਾਹੋ ! ਕਰਮ ਯੋਗ ਦੇ ਬਿਨਾ ਸਨਿਆਸ ਵਿਚ ਅਰੂੜ ਹੋਣਾ ਕਠਨ ਹੈ । ਕਰਮ ਕਰਨ ਵਾਲਾ ਮੁਨੀ ਜਲਦੀ ਹੀ ਬ੍ਰਹਮ ਨੂੰ ਮਿਲ ਜਾਂਦਾ ਹੈ॥6 ॥

---

[38] ਕਰਮ ਯੋਗ=ਨਿਸ਼ਕਾਮ ਕਰਮ ਕਰਦੇ ਹੋਇਆਂ ਮੁਕਤੀ ਪਾਉਣੀ ।

[39] ਦ੍ਵੰਦ=ਸੁਖ ਦੁਖ ਆਦਿ ।

[40] ਸਾਂਖ ਯੋਗ=ਕਰਮ ਦਾ ਤਿਆਗ ।

(ਨਿਸ਼ਕਾਮ) ਕਰਮ ਯੋਗੀ ਜਿਸ ਦਾ ਮਨ ਸ਼ੁਧ ਹੈ, ਜਿਸ ਨੇ ਆਪਣੇ ਆਪ ਅਤੇ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ, ਜੋ ਆਪਣੇ ਤੇ ਸਭ ਪ੍ਰਾਣੀਆਂ ਦੇ ਆਤਮਾਂ ਨੂੰ ਇਕ ਹੀ ਲਖਦਾ ਹੈ, ਉਹ ਕਰਮ ਕਰਦਾ ਹੋਇਆ ਭੀ ਅਲੇਪ ਰਹਿੰਦਾ ਹੈ॥7॥

ਤੱਤਵੇਤਾ ਦੇਖਦਾ ਹੋਇਆ, ਸੁਣਦਾ ਹੋਇਆ, ਸਪਰਸ਼ ਕਰਦਾ ਹੋਇਆ, ਸੁੰਘਦਾ ਹੋਇਆ, ਖਾਂਦਾ ਹੋਇਆ, ਚਲਦਾ ਹੋਇਆ, ਸੌਂਦਾ ਅਤੇ ਸਾਹ ਲੈਂਦਾ ਹੋਇਆ ਇਹੀ ਸਮਝੇ ਕਿ ਮੈਂ ਕੁਛ ਨਹੀਂ ਕਰਦਾ॥8॥

ਬੋਲਦਾ, ਛਡਦਾ, ਫੜਦਾ, ਅੱਖਾਂ ਖੋਲ੍ਹਦਾ ਅਤੇ ਬੰਦ ਕਰਦਾ ਹੋਇਆ ਇਹੀ ਜਾਣੇ ਕਿ ਇੰਦੀਆਂ ਹੀ ਇੰਦ੍ਰੀਆਂ ਦੇ ਵਿਸ਼ਿਆਂ ਵਿਚ ਵਰਤਦੀਆਂ[41] ਹਨ॥9॥

ਜੋ ਸੰਗ ਨੂੰ ਛਡ ਕੇ ਸਭ ਕਰਮ ਬ੍ਰਹਮ ਦੇ ਅਰਪਣ ਕਰਕੇ ਕਰਮ ਕਰਦਾ ਹੈ, ਉਹ ਪਾਪਾਂ ਤੋਂ ਇਸ ਤਰ੍ਹਾਂ ਹੀ ਨਿਰਲੇਪ ਰਹਿੰਦਾ ਹੈ, ਜਿਸ ਤਰ੍ਹਾਂ ਪਾਣੀ ਵਿਚ ਕਮਲ ਦਾ ਪੱਤਾ॥10॥

ਯੋਗੀ ਆਪਣੀ ਸ਼ੁਧੀ ਲਈ ਸੰਗ ਨੂੰ ਤਿਆਗ ਕੇ ਦੇਹਿ, ਮਨ, ਬੁੱਧੀ ਅਤੇ ਇੰਦ੍ਰੀਆਂ ਨਾਲ ਭੀ ਕਰਮ ਕਰਦੇ ਹਨ।॥11॥

ਯੁਕਤਾ[42] ਕਰਮ ਦੇ ਫਲ ਨੂੰ ਤਿਆਗ ਕੇ ਪਰਮ ਸ਼ਾਂਤਿ ਪਦ ਨੂੰ ਪਾਉਂਦਾ ਹੈ । ਸਕਾਮੀ ਪੁਰਸ਼ ਫਲ ਦੀ ਕਾਮਨਾ ਨਾਲ ਕਰਮ ਕਰਦਾ ਹੋਇਆ ਬੰਨ੍ਹ[43] ਹੋ ਜਾਂਦਾ ਹੈ॥12॥

ਜਿਸ ਦਾ ਆਪਣਾ ਆਪ ਵੱਸ ਵਿਚ ਹੈ, ਉਹ ਸਭ ਕਰਮਾਂ ਦਾ ਮਨ ਤਿਆਗ ਕਰਕੇ, ਨੌ ਦਰਵਾਜ਼ਿਆਂ ਵਾਲੀ ਨਗਰੀ (ਦੇਹਿ) ਵਿਚ, ਸੁਖ ਨਾਲ ਆਰਾਮ ਕਰਦਾ ਹੋਇਆ, ਨਾ ਆਪ ਕਰਮ ਕਰਦਾ ਹੈ, ਨਾ ਕਿਸੇ ਪਾਸੋਂ ਕਰਮ ਕਰਵਾਉਂਦਾ ਹੈ॥13॥

---

[41] ਭਾਵ= ਮੈਂ ਰੂਪੀ ਆਤਮਾ ਕੁਛ ਨਹੀਂ ਕਰਦਾ ।

[42] ਯੁਕਤਾ=ਨਿਸ਼ਕਾਸ ਯੋਗੀ ।

[43] ਬੰਨ੍ਹ ਹੋ ਜਾਂਦਾ ਹੈ=ਜਨਮ ਮਰਨ ਵਿਚ ਆਉਂਦਾ ਹੈ ।

ਪ੍ਰਭੂ ਨਾ ਲੋਕਾਂ ਦੇ ਕਰਤਾ ਪਨ ਨੂੰ, ਨਾ ਕਰਮਾਂ ਨੂੰ, ਤੇ ਨਾ ਕਰਮਾਂ ਦੇ ਫਲ ਦੇ ਸੰਯੋਗ ਨੂੰ ਰਚਦਾ ਹੈ । ਇਹ ਸਭ ਪ੍ਰਕ੍ਰਿਤੀ ਦਾ ਹੀ ਖੇਲੁ ਹੈ॥14॥

ਈਸ਼੍ਵਰ ਨਾ ਕਿਸੇ ਦੇ ਪਾਪ ਨੂੰ ਤੇ ਨਾ ਕਿਸੇ ਦੇ ਅੱਛੇ ਕਰਮ ਲੈਂਦਾ ਹੈ । ਅਗਿਆਨ ਨੇ ਗਿਆਨ ਨੂੰ ਢਕਿਆ ਹੋਇਆ ਹੈ, ਇਸੇ ਕਰਕੇ ਜੀਵ ਮੋਹ ਵਿਚ ਫਸ ਜਾਂਦੇ ਹਨ ।। 15॥

ਜਿਨ੍ਹਾਂ ਦਾ ਇਹ ਅਗਿਆਨ ਆਤਮ ਗਿਆਨ ਦੁਆਰਾ ਦੂਰ ਹੋ ਗਿਆ ਹੈ, ਉਨ੍ਹਾਂ ਵਿਚ ਸੂਰਜ ਵਾਂਗੂ ਪਰਮ ਦਾ ਪ੍ਰਕਾਸ਼ ਕਰਦਾ ਹੈ॥16॥

ਜਿਨ੍ਹਾਂ ਦੀ ਬੁੱਧੀ ਉਸੇ (ਪਰਮਾਤਮਾ) ਵਿਚ ਹੈ ਅਤੇ ਉਸੇ ਵਿਚ ਹੀ ਜਿਨ੍ਹਾਂ ਦੀ ਨਿਸ਼ਟਾ ਹੈ, ਅਤੇ ਜੋ ਉਸੇ ਦੇ ਹੀ ਪਰਾਇਣ ਹਨ, ਅਤੇ ਗਿਆਨ ਕਰਕੇ ਜਿਨ੍ਹਾਂ ਦੇ ਪਾਪ ਨਸ਼ਟ ਹੋ ਗਏ ਹਨ ਉਹ ਓਥੇ ਜਾ ਪੁੱਜਦੇ ਹਨ, ਜਿਥੋਂ ਫੇਰ ਮੁੜਕੇ ਨਹੀਂ ਆਉਂਦੇ[44]॥17॥

ਜੋ ਗਿਆਨੀ ਵਿਦਵਾਨ ਵਿਦਿਆ ਅਤੇ ਗਰੀਬੀ ਨਾਲ ਸਜੇ ਹੋਏ ਹਨ ਉਹ ਬ੍ਰਾਹਮਣ, ਗਊ, ਹਾਥੀ, ਕੁੱਤਾ ਅਤੇ ਚੰਡਾਲ ਨੂੰ ਇਕ ਨਜ਼ਰ ਨਾਲ ਦੇਖਦੇ ਹਨ॥18॥

ਜਿਨ੍ਹਾਂ ਦਾ ਮਨੁ ਸਮਾਨਤਾ ਵਿਚ ਇਸਥਿਤ ਹੈ ਉਨ੍ਹਾਂ ਨੇ ਏਥੇ ਹੀ ਸਭ ਕੁਛ ਜਿੱਤ ਲਿਆ ਹੈ । ਬ੍ਰਹਮ ਨਿਰਦੋਸ਼ ਅਤੇ ਸਦਾ ਇਕ ਰਸ ਹੈ, ਇਸ ਲਈ ਉਹ ਬ੍ਰਹਮ ਵਿਚ ਇਸਥਿਤ ਹਨ॥19॥

ਜੋ ਚੰਗੀ ਵਸਤੂ ਪਾ ਕੇ ਖੁਸ਼ੀ ਨਹੀਂ ਹੁੰਦੇ, ਅਤੇ ਮੰਦੀ ਮਿਲਨ ਤੇ ਦੁਖ ਨਹੀਂ ਮਨਾਉਂਦੇ, ਇਹ ਇਸਥਿਰ ਬੁੱਧੀ ਵਾਲੇ ਸ਼ੱਕ ਸੁਬਰੇ ਤੋਂ ਰਹਿਤ ਬ੍ਰਹਮ ਵੇਤਾ, ਬ੍ਰਹਮ ਵਿਚ ਇਸਥਿਰ ਰਹਿੰਦੇ ਹਨ॥20॥

ਜਿਸ ਉਤੇ ਬਾਹਰ ਦੇ ਸਪਰਸ਼ ਦਾ ਕੋਈ ਅਧਾਰ ਨਹੀਂ ਆਪਣੇ ਆਤਮਾ ਵਿਚ ਹੀ ਜੋ ਸੁਖੀ ਹੈ । ਅਤੇ ਯੋਗ ਨਾਲ ਆਤਮਾ ਨੂੰ ਬ੍ਰਹਮ ਨਾਲ ਮਿਲਾਉਂਦਾ ਹੈ, ਉਹ ਅਖੰਡ ਅਨੰਦ ਲੈਂਦਾ ਹੈ॥21

[44] ਜਨਮ ਮਰਨ ਤੋਂ ਛੁਟਕੇ ਮੁਕਤ ਹੋ ਜਾਂਦੇ ਹਨ ।

ਜੋ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਯੋਗ ਤੋਂ ਪੈਦਾ ਹੋਏ ਭੋਗ ਹਨ, ਉਹ ਦੁੱਖ ਦਾ ਕਾਰਨ ਹਨ, ਕਿਉਂਕਿ ਉਨ੍ਹਾਂ ਦਾ ਆਦ ਅੰਤ ਹੈ,ਇਸ ਵਾਸਤੇ ਹੇ ਕੌਂਤੇਯ ! ਵਿਵੇਕੀ ਪੁਰਸ਼ ਇਨ੍ਹਾਂ ਵਿਸ਼ਿਆਂ ਵਿਚ ਖਚਤ ਨਹੀਂ ਹੁੰਦਾ॥22 ।।

ਜਿਸ ਨੇ ਇਸ ਦੇਹੀ ਦੇ ਛੁੱਟਣ ਤੋਂ ਪਹਿਲਾਂ ਹੀ ਕਾਮ ਅਤੇ ਕ੍ਰੋਧ ਦੇ ਵੇਗਾਂ ਨੂੰ ਜਿੱਤ ਲਿਆ ਹੈ, ਉਹੀ ਸੁੱਖੀ ਅਤੇ ਉਹੀ ਇਸ ਸੰਸਾਰ ਵਿਚ ਯੁਕਤ[45] ਹੈ॥23॥

ਜੋ ਆਪਣੇ ਅੰਦਰ ਹੀ ਸੁੱਖੀ ਹੈ, ਜੋ ਆਪਣੇ ਅੰਦਰ ਹੀ ਅਨੰਦ ਹੈ, ਅਤੇ ਜਿਸ ਦੇ ਅੰਦਰ ਹੀ ਪ੍ਰਕਾਸ਼ ਹੈ, ਉਹ ਯੋਗੀ ਬ੍ਰਹਮ ਰੂਪ ਹੋ ਕੇ ਬ੍ਰਹਮ ਨਿਰਵਾਨ ਨੂੰ ਪ੍ਰਾਪਤ ਹੁੰਦਾ ਹੈ॥24॥

ਜਿਨ੍ਹਾਂ ਦੇ ਪਾਪ ਨਸ਼ਟ ਹੋ ਗਏ ਹਨ, ਜਿਨ੍ਹਾਂ ਦੇ ਸੰਸ਼ੇ ਨਿਵਿਰਤ ਹੋ ਗਏ ਹਨ, ਜਿਨ੍ਹਾਂ ਨੇ ਆਪਣੇ ਆਪ ਤੇ ਕਾਬੂ ਪਾਇਆ ਹੋਇਆ ਹੈ ਅਤੇ ਜੋ ਸਭ ਚੀਜ਼ਾਂ ਦੇ ਭਲੇ ਵਿਚ ਰੱਤ ਹਨ, ਐਸੇ ਰਿਸ਼ੀ ਪੁਰਸ਼ ਸ਼ਾਂਤਿ ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ॥25॥

ਬ੍ਰਹਮ ਨਿਰਵਾਣ ਉਨ੍ਹਾਂ ਨੂੰ ਨੇੜੇ ਹੀ ਹੈ, ਜਿਨ੍ਹਾਂ ਵਿਚ ਕਾਮ ਕ੍ਰੋਧ ਨਹੀਂ ਹੈ, ਜੋ ਜਤੀ ਹਨ, ਅਤੇ ਜਿਨ੍ਹਾਂ ਦਾ ਮਨ ਆਪਣੇ ਵਸ ਵਿਚ ਹੈ, ਅਤੇ ਜੋ ਆਪ ਨੂੰ ਜਾਣਦੇ ਹਨ॥26॥

ਬਾਹਰ ਦੇ ਸਪਰਸ਼ਾਂ ਨੂੰ ਬਾਹਰ ਰਖਕੇ, ਤੇ ਨਜ਼ਰ ਦੋਹਾਂ ਭਵਾਂ ਦੇ ਵਿਚਕਾਰ ਜਮਾਕੇ, ਨੱਕ ਵਿਚ ਚੱਲਣ ਵਾਲੇ ਪ੍ਰਾਣ ਅਪਾਨ ਨੂੰ ਸਮ ਕਰਕੇ ਚਲਾਵੇ॥27॥

ਜਿਸ ਨੇ ਇੰਦ੍ਰੀਆਂ, ਮਨ ਅਤੇ ਬੁੱਧੀ ਵਸ ਕਰ ਲਏ ਹਨ, ਜੋ ਮੁਕਤੀ ਹੀ ਚਾਹੁੰਦਾ ਹੈ, ਜਿਸ ਦੇ  ਰਾਹ, ਭੈ ਅਤੇ ਕ੍ਰੋਧ ਦੂਰ ਹੋ ਗਏ ਹਨ, ਐਸਾ ਮੁਨੀ ਸਦਾ ਹੀ ਮੁਕਤ ਹੈ॥28॥

ਮੈਂ ਸਭ ਯੱਗ ਅਤੇ ਤਪਾਂ ਦਾ ਭੋਗਣ ਵਾਲਾ ਹਾਂ । ਸਭ ਲੋਕਾਂ ਦਾ ਮਾਲਕ ਹਾਂ ਅਤੇ ਸਭਪ੍ਰਾਣੀਆਂ ਦਾ ਮਿਤ੍ਰ ਹਾਂ, ਜੋ ਮੈਨੂੰ ਅਜੇਹਾ ਜਾਣਦਾ ਹੈ ਉਹ ਸ਼ਾਂਤੀ ਪਾਉਂਦਾ ਹੈ॥29॥

ਇਤਿ ਸ੍ਰੀ ਕਰਮ ਸਨਯਾਸ ਯੋਗ ਵਰਣਨ ਨਾਮ

ਪੰਜਵਾ ਅਧਯਾਯ।

-0-

---

[45] ਯੁਕਤ=ਯੋਗੀ ।

## ਛੇਵੇਂ ਅਧਯਾਯ ਦਾ ਸਾਰ

ਦੂਸਰੇ ਅਧਜਾਯ ਵਿਚ ਭਗਵਾਨ ਨੇ ਸੱਤ ਅਤੇ ਅਸੱਤ ਦੀ ਵਿਚਾਰ ਕਰਦੇ ਹੋਇਆ ਸਤਬੁੱਧੀ ਪੈਦਾ ਕਰਨ ਦਾ ਸਾਧਨ ਦੱਸਿਆ ਹੈ । ਤੀਸਰੇ ਵਿਚ ਕਾਮ, ਕ੍ਰੋਧ, ਰਾਗ, ਦ੍ਵੈਸ ਅਤੇ Separated Self ਵਲ ਜਾ ਕੇ, ਜਨਮ ਬੰਧ ਦਾ ਕਾਰਨ ਹੁੰਦੇ ਹੋਏ, ਜੀਵਨ ਪ੍ਰਵਾਹ ਨੂੰ ਇਸ ਉਪਜੀ ਹੋਈ ਸਤ ਬੁੱਧੀ ਨਾਲ, ਖੁਦਗਰਜ਼ੀ ਅਤੇ ਕਾਮਨਾ ਆਦਿ ਦੂਰ ਕਰਕੇ ਜਗਤ ਦੇ ਭਲੇ ਹਿਤ ਕਰਮ ਕਰਨਾ ਦਸਿਆ ਹੈ । ਚੌਥੇ ਅਧਜਾਯ ਵਿਚ ਦੱਸਿਆ ਹੈ ਕਿ ਸਾਰਾ ਹੀ ਜਗਤ ਆਪਣੀ ਆਪਣੀ ਥਾਂ ਈਸ਼੍ਵਰ ਦੀ will ਇੱਛਾ ਨੂੰ ਪੂਰਾ ਕਰਨ ਯੱਗ ਅਥਵਾ ਕੁਰਬਾਨੀ ਕਰ ਰਿਹਾ ਹੈ । ਇਸੇ ਹੀ ਤਰ੍ਹਾਂ ਕਰਮ ਯੋਗੀ ਨੂੰ ਆਪਣਾ ਜੀਵਣ ਜਾਣ ਬੁੱਝ ਕੇ ਯੱਗ ਯਾ ਕੁਰਬਾਨੀ ਬਣਾ ਦੇਣਾ ਚਾਹੀਦਾ ਹੈ । ਪੰਜਵੇਂ ਵਿਚ ਫੇਰ ਦਸਿਆ ਕਿ ਸਨਯਾਸ (ਕਰਮ ਦਾ ਤਿਆਗੀ) ਅਤੇ ਕਰਮ ਯੋਗੀ (ਕਰਮ ਫਲ ਦਾ ਤਿਆਗੀ) ਦਾ ਆਦਰਸ਼ ਇਕੋ ਹੀ ਹੈ, ਅਤੇ ਇਨ੍ਹਾਂ ਦੋਹਾਂ ਪਦਾਂ ਨੂੰ ਪਹੁੰਚਣ ਵਾਸਤੇ ਸਾਧਨ ਭੀ ਇਕੋ ਹੀ ਹੈ, ਅਰਥਾਤ ਕਾਮ, ਕ੍ਰੋਧ, ਰਾਗ, ਦ੍ਵੈਸ਼ ਆਦਿ ਨੂੰ ਜਿੱਤੇ ਹੋਏ ਹੋਣਾ, ਪਰ ਨਿਸ਼ਕਾਮ ਯੋਗ ਨੂੰ ਭਗਵਾਨ ਨੇ ਬਹੁਤ ਸੁਲਾਹਿਆ ਹੈ।

ਹੁਣ ਛੇਵੇਂ ਅਧਜਾਯ ਵਿਚ ਭਗਵਾਨ ਧਿਆਨ ਦੁਆਰਾ ਮਨ ਦਾ ਸਾਧਨ ਦੱਸਦੇ ਹਨ । ਇਸੇ ਦਾ ਨਾਮ ਧਿਆਨ ਯੋਗ ਹੈ, ਪਹਿਲੇ ਕਹੇ ਹੋਏ ਸਾਧਨਾਂ ਵਾਂਗੂੰ ਹੀ ਧਿਆਨ ਯੋਗ ਲਈ ਭੀ ਪਹਿਲਾਂ ਵਾਸ਼ਨਾ ਦਾ ਤਿਆਗ ਤੇ ਵੈਰਾਗ ਦਾ ਹੋਣਾ ਜਰੂਰੀ ਹੈ, ਵੈਰਾਗ ਹੋਣ ਤੇ ਹੀ ਯੋਗੀ ਦਾ ਅਭਿਆਸ ਸਫਲ ਹੁੰਦਾ ਹੈ । ਧਿਆਨ ਯੋਗ ਵਿਚ ਇਸਥਿਤ ਹੋਇਆ ਹੋਇਆ ਯੋਗੀ ਉਸ ਪਾਰ-ਬ੍ਰਹਮ ਦੇ ਅਨੰਦ ਨੂੰ ਮਹਿਸੂਸ ਕਰਦਾ ਹੈ, ਫਿਰ ਵਡੇ ਤੋਂ ਵਡਾ ਦੁਖ ਭੀ ਉਸ ਨੂੰ ਆਪਣੀ ਜਗਾ ਤੋਂ ਨਹੀਂ ਹਿਲਾ ਸਕਦਾ । ਐਸਾ ਯੋਗੀ ਯੋਗ ਦੁਆਰਾ ਆਤਮਾ ਨੂੰ ਸਭ ਪ੍ਰਾਣੀਆਂ ਵਿਚ ਇਕ ਰਸ, ਅਤੇ ਸਭ ਪ੍ਰਾਣੀ ਆਤਮਾ ਵਿਚ ਇਸਥਿਰ ਹੋਏ ਹੋਏ ਦੇਖਦਾ ਹੈ । ਉਹ ਯੋਗੀ ਉਸ ਨੂੰ ਸਰਵ ਵਿਆਪੀ ਦੇਖਦਾ ਹੋਇਆ ਉਸ ਨੂੰ ਭਜਦਾ ਹੈ । ਉਹ ਯੋਗੀ ਸ੍ਰੇਸ਼ਟ ਹੈ ।

-0-

## ਛੇਵਾ ਅਧਯਾਯ

ਸ੍ਰੀ ਭਗਵਾਨ ਬੋਲੇ :-

-ਜੋ ਕਰਮਾਂ ਦੇ ਫਲ ਦੀ ਵਾਸਨਾ ਨੂੰ ਤਿਆਗ ਕੇ, ਕਰਨੇ ਯੋਗ ਕਰਮ ਕਰਦਾ ਹੈ, ਉਹੀ ਸਨਿਆਸੀ ਤੇ ਉਹੀ ਯੋਗੀ ਹੈ, ਨਾ ਉਹ ਜਿਹੜਾ ਅਗਨੀ ਅਤੇ ਕਰਮ ਕਾਂਡ ਦਾ ਤਿਆਗ ਕਰਦਾ ਹੈ॥1॥

ਹੇ ਅਰਜਨ ! ਜਿਸ ਨੂੰ ਸਨਿਆਸ ਆਖਦੇ ਹਨ ਉਸ ਨੂੰ (ਕਰਮ) ਯੋਗ ਭੀ ਆਖਦੇ ਹਨ। ਸੰਕਲਪ ਦੇ ਤਿਆਗ ਤੋਂ ਬਿਨਾ ਕੋਈ ਆਦਮੀ ਭੀ ਯੋਗੀ ਨਹੀਂ ਹੋ ਸਕਦਾ॥2॥

ਮੁਨੀ ਲਈ ਯੋਗ ਦੀ ਪ੍ਰਾਪਤੀ ਦਾ ਕਾਰਣ ਕਰਮ ਹੀ ਹੈ, ਅਤੇ ਯੋਗ ਵਿਚ ਪ੍ਰਪੱਕ ਹੋਣ ਦਾ ਕਾਰਣ ਸ਼ਾਂਤੀ ਹੈ॥3॥

ਜਦ ਆਦਮੀ ਨੂੰ ਇੰਦ੍ਰੀਆਂ ਦੇ ਵਿਸ਼ਿਆਂ ਨਾਲ ਜਾਂ ਕਰਮ ਨਾਲ ਕੋਈ ਲਗਾਵਟ ਨਹੀਂ ਰਹਿੰਦੀ ਅਤੇ ਸੰਕਲਪ ਤਿਆਗ ਦਿੰਦਾ ਹੈ, ਤਦ ਉਹ ਯੋਗ ਵਿਚ ਅਰੂੜ੍ਹ ਕਹਾਉਂਦਾ ਹੈ॥4॥

ਆਤਮਾ ਨਾਲ ਹੀ ਆਪਣੇ ਆਪ ਨੂੰ ਉਚਾ ਕਰੇ, ਅਤੇ ਆਪਣੇ ਆਪ ਨੂੰ ਗਿਰਨ ਨਾ ਦੇਵੇ, ਕਿਉਂਕਿ ਆਤਮਾ ਹੀ ਆਪਣਾ ਮਿਤ੍ਰ ਤੇ ਆਪਣਾ ਹੀ ਆਪਣਾ ਵੈਰੀ ਹੈ॥5॥

ਆਤਮਾ ਉਸਦਾ ਮਿਤ੍ਰ ਹੈ, ਜਿਸ ਦਾ ਆਪ ਆਤਮਾ ਨੇ ਜਿੱਤ ਲਿਆ ਹੈ, ਪਰ ਜਿਸ ਦੇ ਆਤਮਾ ਨੇ ਆਪ ਨੂੰ ਨਹੀਂ ਜਿੱਤਿਆ ਉਸ ਦਾ ਆਤਮਾ ਵੈਰੀ ਹੈ॥6॥

ਜਿਸ ਨੇ ਆਪਣਾ ਆਪ ਵੱਸ ਕਰ ਲਿਆ ਹੈ, ਜੋ ਸਰਦੀ, ਗਰਮੀ, ਸੁੱਖ, ਦੁੱਖ ਅਤੇ ਮਾਨ ਅਪਮਾਨ ਵਿਚ ਇਕ ਰਸ ਸ਼ਾਂਤਿ ਰਹਿੰਦਾ ਹੈ, ਉਸ ਦਾ ਪਰਮ-ਆਤਮਾ ਸਮਾਹਿਤ[46] ਹੈ॥7॥

---

[46] ਸਮਾਹਿਤ=ਯੋਗਾਰੂੜ, ਉਸ ਦੀ ਆਪਣੇ ਪਰਮ-ਆਤਮਾ ਉਤੇ ਸਮਾਧੀ ਲਗੀ ਹੋਈ ਹੈ ।

ਜਿਸ ਦਾ ਆਤਮਾ ਗਿਆਨ[47] ਅਤੇ ਵਿਗਿਆਨ[48] ਨਾਲ ਤ੍ਰਿਪਤ ਹੈ, ਜਿਸ ਦਾ ਮਨੁ ਭਟਕਦਾ ਨਹੀਂ, ਜਿਸ ਨੇ ਇੰਦ੍ਰੀਆਂ ਨੂੰ ਜਿੱਤ ਲਿਆ ਹੈ, ਅਤੇ ਜਿਸ ਨੂੰ ਸੋਨਾ ਪੱਥਰ ਤੇ ਮਿੱਟੀ ਇਕੋ ਜੇਹੇ ਭਾਸਦੇ ਹਨ, ਉਹ ਯੋਗੀ ਯੁਕਤ[49] ਹੈ॥8॥

ਜੋ ਸਹਿਰਦ[50], ਮਿਤ੍ਰ ,ਵੈਰੀ, ਉਦਾਸੀਨ[51], ਮਧਯਸਤ, ਦ੍ਵੈਖੀ, ਸੰਬੰਧੀ, ਸਾਧੂਆਂ ਅਤੇ ਪਾਪੀਆਂ ਨੂੰ ਭੀ ਇਕੋ ਨਜ਼ਰ ਨਾਲ ਦੇਖਦਾ ਹੈ, ਉਹ (ਯੋਗੀਆਂ ਵਿਚੋਂ) ਸ੍ਰੇਸ਼ਟ ਹੈ॥9॥

ਚਿੱਤ ਅਤੇ ਸਰੀਰ ਨੂੰ ਕਾਬੂ ਵਿਚ ਰੱਖ ਕੇ, ਆਸਾ ਰਹਿਤ ਅਤੇ ਅਪਰਿਗ੍ਰਹੀ[52] ਹੁੰਦਾ ਹੋਇਆ, ਯੋਗੀ ਏਕਾਂਤ ਵਿਚ ਰਹਿ ਕੇ ਆਪਣੇ ਜਿੱਤ ਨੂੰ ਨਿਰੰਤਰ ਜੋੜੇ॥10॥

ਜੋ ਨਾ ਬਹੁਤ ਉੱਚੀ ਹੋਵੇ ਤੇ ਨਾ ਬਹੁਤ ਨੀਵੀਂ, ਅਜੇਹੀ ਪਵਿਤ੍ਰ ਜਗਾ ਤੇ ਕੁਸ਼ਾ ਦਾ ਆਸਣ ਵਿਛਾਵੇ, ਉਸ ਦੇ ਉਪਰ ਕਾਲੀ ਮ੍ਰਿਗਸ਼ਾਲਾ ਤੇ ਉਸ ਦੇ ਉਪਰ ਕਪੜਾ॥11॥

ਉਹ (ਆਸਣ) ਉਪਰ ਬੈਠਿ, ਮਨ ਨੂੰ ਏਕਾਗਰ ਕਰਕੇ, ਚਿੱਤ ਅਤੇ ਇੰਦ੍ਰੀਆਂ ਦੇ ਬਾਹਰ ਧਾਉਣ ਨੂੰ ਰੋਕ ਕੇ ਆਪਣੇ ਆਪ ਦੀ ਸ਼ੁੱਧੀ ਲਈ ਯੋਗ ਵਿਚ ਜੁੜੇ॥12॥

ਧੜ, ਸਿਰੁ ਅਤੇ ਗਰਦਨ ਨੂੰ ਸਿੱਧਾ ਰਖੇ ਹਿਲਾਵੇ ਨਾ, ਅਤੇ ਨਜ਼ਰ ਨੂੰ ਹਿਲਾਏ ਬਿਨਾ ਇਕ ਟੱਕ ਨਕ ਦੀ ਨੋਕ ਤੇ ਟਿਕਾਵੇ॥13॥

ਜਤੀ, ਨਿਰਭੈ, ਸ਼ਾਂਤ ਚਿਤ, ਯੁਕਤ, ਮਲ ਨੂੰ ਕਾਬੂ ਵਿਚ ਕਰਕੇ ਮੇਰੇ ਲੱਗੇ ਹੋਏ ਚਿਤ ਵਾਲਾ, ਮੇਰੇ ਪਰਾਇਣ ਹੋਇਆ ਹੋਇਆ (ਅਭਿਆਸ ਵਿਚ) ਬੈਠੇ॥14॥

---

[47] ਗਿਆਨ-ਧਰਮ ਪੁਸਤਕਾਂ ਯਾ ਗੁਰੂ ਦੇ ਮੂੰ ਹੋਂ ਸੁਣੇ ਬਚਨਾਂ ਤੋਂ ਜੋ ਆਪਣੇ ਅੰਦਰ ਖਿਆਲ ਪੈਦਾ ਹੁੰਦਾ ਹੈ, ਉਸਨੂੰ ਗਿਆਨ ਆਖਦੇ ਹਨ ।

[48] ਵਿਗਿਆਨ=ਜਿਸ ਚੀਜ਼ ਦਾ ਗਿਆਨ ਅਥਵਾ ਖਿਆਲ ਹੈ, ਉਸ ਦਾ ਸਾਖਸ਼ਾਤ (ਪ੍ਰਤੱਖ) ਅਤੇ ਅਨੁਭਵ ਕਰਨਾ ਵਿਗਿਆਨ ਹੈ ।

[49] ਯੁਕਤ =ਜੁੜਿਆ ਹੋਇਆ, ਲੱਗਾ ਹੋਇਆ, ਪਰਮ ਆਤਮ ਨਾਲ ਜੁੜਿਆ ਹੋਇਆ ।

[50] ਸੁਹਿਰਦ=ਅਕਾਰਣ ਅਤੇ ਸੁਭਾਵਕ ਹੀ ਉਪਕਾਰ ਕਰਨ ਵਾਲਾ ।

[51] ਉਦਾਸੀਨ=ਬੇਪ੍ਰਵਾਹ ।

[52] ਅਪਰਿਗ੍ਰਹੀ=ਜੀਵਣ ਲਈ ਅਤੀ ਜਰੂਰੀ ਚੀਜ਼ਾਂ ਤੋਂ ਬਿਨਾਂ ਸਭ ਦਾ ਤਿਆਗੀ ।

ਉਹ ਯੋਗੀ ਮਨ ਨੂੰ ਵੱਸ ਰਖਕੇ, ਸਦਾ ਆਤਮਾ ਨਾਲ ਜੁੜਿਆ ਹੋਇਆ ਪਰਮ ਸ਼ਾਂਤੀ ਨੂੰ -ਜੋ ਮੇਰੇ ਵਿਚ ਹੈ—ਪ੍ਰਾਪਤ ਹੁੰਦਾ ਹੈ, ਜੋ ਸ਼ਾਂਤੀ ਨਿਰਵਾਣ ਵਿਚ ਸਮਾਪਤ ਹੁੰਦੀ ਹੈ॥15॥

ਹੇ ਅਰਜਨ ! ਜਿਹੜਾ ਬਹੁਤ ਖਾਵੇ ਯਾ ਬਹੁਤ ਫਾਕੇ ਰਹੇ, ਬਹੁਤ ਸਵੇਂ ਯਾ ਬਹੁਤ ਜਾਗੇ ਉਹ ਯੋਗ ਅਭਿਆਸ ਨਹੀਂ ਕਰ ਸਕਦਾ॥16 ॥

ਜੋ ਵਿਤ ਮੂਜਬ ਖਾਂਦਾ, ਜਾਗਦਾ ਅਤੇ ਸੌਂਦਾ ਹੈ ਅਤੇ ਵਿਤ ਮੂਜਬ ਕਰਮ ਕਰਦਾ ਹੈ, ਉਸ ਦਾ ਯੋਗ (ਅਭਿਆਸ) ਦੁਖ ਦੂਰ ਕਰਨ ਵਾਲਾ ਹੁੰਦਾ ਹੈ॥17॥

ਜਦ ਚਿਤ ਦੀਆਂ ਬ੍ਰਿਤੀਆਂ ਨੂੰ ਆਪਣੇ ਆਤਮਾ ਵਿਚ ਹੀ ਇਸਥਿਰ ਕਰ ਲੈਂਦਾ ਹੈ ਅਤੇ ਸਭ ਕਾਮਨਾਵਾਂ ਛੱਡ ਕੇ ਵਾਸ਼ਨਾ ਤੋਂ ਰਹਿਤ ਹੋ ਜਾਂਦਾ ਹੈ, ਤਦ ਯੁਕਤ (ਯੋਗੀ) ਕਹਾਉਂਦਾ ਹੈ ॥18 ॥

ਜਿਵੇਂ ਦੀਵੇ ਵੀ ਲਾਟ ਜਿੱਥੇ ਹਵਾ ਨਾ ਲੱਗੇ ਕੰਬਦੀ ਨਹੀਂ, ਇਸੇ ਤਰ੍ਹਾਂ ਉਹ ਜੋਗੀ ਜਿਸ ਦਾ ਚਿਤ ਨਿਹਚਲ ਹੋ ਗਿਆ ਹੈ ਆਤਮਾ ਦੇ ਯੋਗ ਵਿਚ ਜੁੜਿਆ ਰਹਿੰਦਾ ਹੈ॥19॥

ਜਿਸ ਅਵਸਥਾ ਵਿਚ ਯੋਗ ਅਭਿਆਸ ਨਾਲ ਚਿਤ ਦੀਆਂ ਬ੍ਰਿਤੀਆਂ ਨੂੰ ਰੋਕ ਕੇ ਵਿਸ਼ਰਾਮ ਲੈਂਦਾ ਹੈ, ਅਤੇ ਜਿੱਥੇ ਆਤਮਾ ਨੂੰ ਆਤਮਾ ਨਾਲ ਦੇਖਦਾ ਹੈ ਅਤੇ ਆਪਣੇ ਆਤਮਾ ਵਿਚ ਹੀ ਸੰਤੁਸ਼ਟ ਹੈ॥20॥

ਜਿਸ (ਅਵਸਥਾ) ਵਿਚ ਪਰਮ ਸੁਖ, ਜਿਹੜਾ ਇੰਦ੍ਰੀਆਂ ਤੋਂ ਪਰੇ ਬੁੱਧੀ ਦੁਆਰਾ ਜਾਣਿਆ ਜਾਂਦਾ ਹੈ, ਜਿਸ ਦੇ ਵਿਚ ਇਸਥਿਤ ਹੋਕੇ ਉਹ ਤੱਤ ਤੋਂ ਨਹੀਂ ਹਿਲਦਾ;॥21॥

ਜਿਸ (ਅਵਸਥਾ) ਨੂੰ ਪਾ ਕੇ ਇਸ ਤੋਂ ਵਧ ਕੇ ਹੋਰ ਕਿਸੇ ਲਾਭ ਨੂੰ ਨਹੀਂ ਮੰਨਦਾ, ਜਿਸ (ਅਵਸਥਾ) ਵਿਚ ਇਸਥਿਤ ਹੋ ਕੇ ਭਾਰੀ ਦੁੱਖ ਹੋਣ ਤੇ ਵੀ ਨਹੀਂ ਹਿਲਦਾ;॥22॥

ਜਿਸ (ਅਵਸਥਾ) ਵਿਚ ਦੁਖ ਦਾ ਲੇਸ਼ ਮਾਤ੍ਰ ਵੀ ਨਹੀਂ ਰਹਿੰਦਾ, ਉਹ ਯੋਗ ਦੀ ਅਵਸਥਾ ਹੈ। ਇਸ ਯੋਗ ਦਾ ਸ਼੍ਰਧਾ ਅਤੇ ਪ੍ਰਸੰਨ ਚਿਤ ਹੋ ਕੇ ਅਭਿਯਾਸ ਕਰਨਾ ਚਾਹੀਦਾ ਹੈ॥23॥

ਸੰਕਲਪ ਵਿਚੋਂ ਉੱਗੀਆਂ ਹੋਈਆਂ ਸਭ ਕਾਮਨਾਵਾਂ ਨੂੰ ਤਿਆਗ ਕੇ,ਮਨ ਨਾਲ ਇੰਦ੍ਰੀਆਂ ਨੂੰ ਸਭਨਾ ਪਾਸਿਆਂ ਤੋਂ ਰੋਕੇ[53]॥24॥

ਹੌਲੀ ਹੌਲੀ (ਅਭਿਆਸ ਕਰਦਾ ਹੋਇਆ) ਸ਼ਾਂਤੀ ਨੂੰ ਪ੍ਰਾਪਤ ਹੋਕੇ, ਧੀਰਜ ਨਾਲ ਬੁੱਧੀ ਦੁਆਰਾ ਮਨ ਨੂੰ ਪ੍ਰਮਾਤਮਾ ਵਿਚ ਟਿਕਾਵੇ ਕੁਛ ਭੀ ਚਿੰਤਨ ਨਾ ਕਰੇ॥25॥

ਨਾ ਟਿਕਣ ਵਾਲਾ ਚੰਚਲ ਮਨ ਜਦ ਜਦ ਭੀ ਏਧਰ ਓਧਰ ਧਾਵੇ, ਤਦ ਤਦ ਹੀ ਉਸ ਨੂੰ ਮੋੜ ਕੇ ਆਤਮਾ ਦੇ ਵੱਸ ਕਰੇ॥26॥

ਜਿਸਦਾ ਮਨੁ ਸ਼ਾਂਤ ਹੋ ਗਿਆ, ਰਜੋ ਗੁਣ ਜਾਂਦਾ ਰਿਹਾ, ਪਾਪ ਰਹਿਤ ਹੋ ਗਿਆ ਹੈ, ਅਤੇ ਬ੍ਰਹਮ ਵਿਚ ਲੀਨ ਰੀਂਹਦਾ ਹੈ, ਉਹ ਸਦਾ ਪਰਮ ਸੁਖ ਲੈਂਦਾ ਹੈ॥27॥

ਉਹ ਯੋਗੀ ਆਪ ਨੂੰ ਇਸ ਤਰਾਂ ਯੋਗ ਵਿਚ ਲਗਾਕੇ ਨਿਸ਼ਪਾਪ ਹੋਇਆ, ਹੋਇਆ ਬ੍ਰਹਮ ਨਾਲ ਸਪਰਸ਼ ਕਰਨ ਵਾਲਾ ਅਤਯੰਤ ਅਨੰਦ ਲੈਂਦਾ ਹੈ॥28 ॥

ਯੁਕਤ ਆਤਮਾ ਹੋਇਆ ਹੋਇਆ ਯੋਗੀ ਆਤਮਾ ਨੂੰ ਸਭ ਜੀਵਾਂ ਵਿਚ ਤੇ ਸਭ ਜੀਵ ਆਤਮਾ ਵਿਚ ਦੇਖਦਾ ਹੈ ਅਤੇ ਸਰਵੱਤ੍ਰ ਇਕ ਨਜ਼ਰ ਰਖਦਾ ਹੈ । 29॥

ਜੋ ਮੈਨੂੰ ਸਰਵੱਤ ਦੇਖਦਾ ਹੈ ਅਤੇ ਸਰਵ ਨੂੰ ਮੇਰੇ[54] ਵਿਚ ਦੇਖਦਾ ਹੈ, ਉਹ ਮੇਰੇ ਤੋਂ ਜੁਦਾ ਨਹੀਂ ਹੋਵੇਗਾ ਤੇ ਨਾ ਮੈਂ ਉਸ ਤੋਂ ਜੁਦਾ ਹਾਂ॥30॥

ਜੋ ਯੋਗੀ ਮੈਨੂੰ ਸਭ ਜੀਵਾਂ ਵਿਚ ਇਸਥਿਤ ਜਾਣਕੇ ਅਭੇਦ ਬੁੱਧੀ ਨਾਲ ਭਜਦਾ ਹੈ ਉਸਦਾ ਜੀਵਣ ਭਾਵੇਂ ਕੈਸਾ ਭੀ ਹੋਵੇ, ਉਹ ਯੋਗੀ ਸਦਾ ਹੀ ਮੇਰੇ ਵਿਚ ਰਹਿੰਦਾ ਹੈ॥31॥

ਹੇ ਅਰਜਨ ! ਜੋ ਸਭ ਪ੍ਰਾਣੀਆਂ ਵਿਚ ਆਤਮਾ ਦੀ ਏਕਤਾ ਕਰਕੇ ਆਪਣੇ ਜੇਹਾ ਹੀ ਸੁਖ ਦੁਖ ਅਨੁਭਵ ਕਰਦਾ ਹੈ ਉਹ ਸ੍ਰੇਸ਼ਟ ਯੋਗੀ ਹੈ॥32॥,

ਅਰਜਨ ਬੋਲੇ-

---

[53]ਨੋਟ-ਯੋਗੀ ਦੀ ਹਾਲਤ ਬਿਆਨ ਕਰਕੇ ਹੁਣ ਫੇਰ ਅੰਤਰ ਦੇ ਅਭਿਆਸ ਦਾ ਤਰੀਕਾ ਦਸਦੇ ਹਾਂ ।

[54] ਜਿਥੇ ਜਿਥੇ 'ਮੈਂ' ਤੇ 'ਮੇਰੇ' ਆਇਆ ਹੈ, ਉਸ ਤੋਂ ਪਰਮ ਆਤਮਾ ਦਾ ਮਤਲਬ ਹੈ ।

ਹੇ ਮਧੁਸੂਦਨ ! ਚਿੱਤ ਨੂੰ ਸਮ ਭਾਵ ਰੱਖਣ ਦਾ ਯੋਗ ਜੋ ਤੁਸਾਂ ਦੱਸਿਆ ਹੈ, ਸੋ ਮੈਂ ਚਿਤ ਦੇ ਚੰਚਲ ਤੇ ਨਾ ਟਿਕਣ ਵਾਲਾ ਹੋਣ ਕਰਕੇ ਇਸ ਯੋਗ ਦੀ ਬਿਰਤਾ ਨਹੀਂ ਦੇਖਦਾ॥33॥

ਹੇ ਕ੍ਰਿਸ਼ਨ ! ਮਨ ਬੜਾ ਹੀ ਚੰਚਲ ਤੇ ਅਮੋੜ ਹੈ ਇਸ ਨੂੰ ਮੋੜਨਾ ਬੜਾ ਔਖਾ ਹੈ, ਇਸ ਨੂੰ ਰੋਕਣਾ ਐਨਾ ਹੀ ਕਠਨ ਹੈ ਜਿੱਨਾ ਹਵਾ ਨੂੰ ਬੰਨ੍ਹਣਾ॥34॥

ਸ੍ਰੀ ਭਗਵਾਨ ਬੋਲੇ-

ਬੇਸ਼ਕ ਮਨ ਬੜਾ ਚੰਚਲ ਹੈ ਅਤੇ ਇਸ ਦਾ ਰੋਕਣਾ ਬੜਾ ਕਠਨ ਹੈ, ਪਰ ਵੈਰਾਗ ਅਤੇ ਨਿੱਤ ਦੇ ਅਭਿਆਸ ਕਰਨ ਨਾਲ ਮਨੁ ਰੋਕਿਆ ਜਾ ਸਕਦਾ ਹੈ॥35॥

ਜਿਸਦਾ ਮਨ ਉਤੇ ਕਾਬੂ ਨਹੀਂ ਉਸ ਲਈ ਯੋਗ ਸਾਧਨ ਕਰਨਾ ਕਠਨ ਹੈ, ਪਰ ਜਿਸਦਾ ਆਪਣਾ ਆਪ ਕਾਬੂ ਵਿਚ ਹੈ ਉਸ ਨੂੰ ਯੋਗ ਸਿੱਧ ਹੋ ਸਕਦਾ ਹੈ॥36॥

ਅਰਜਨ ਉਵਾਚ-

ਹੇ ਕ੍ਰਿਸ਼ਨ ! ਜਿਸ ਦਾ ਆਪਣੇ ਉੱਤੇ ਕਾਬੂ ਨਹੀਂ ਅਤੇ ਯੋਗ ਤੋਂ ਮਨੁ ਏਧਰ ਓਧਰ ਭੌਂਦਾ ਹੈ, ਪਰ ਸ਼੍ਰਧਾ ਰਖਦਾ ਹੈ, ਉਹ ਯੋਗ ਸਿੱਧੀ ਨਾ ਪਾਉਂਦਿਆਂ ਹੋਇਆ ਕਿਸ ਗਤੀ ਨੂੰ ਪ੍ਰਾਪਤ ਹੁੰਦਾ ਹੈ ?॥37॥

ਅਤੇ ਹੇ ਮਹਾਂਬਾਹੋ ! ਦੋਹਾਂ[55] ਤੋਂ ਡਿਗਕੇ, ਨਿਰਾਸਰੇ, ਬ੍ਰਹਮ ਦੇ ਰਸਤੇ ਨੂੰ ਨਾ ਜਾਣਕੇ, ਕੀ ਉਹ ਫਟੇ ਹੋਏ ਬੱਦਲ ਵਾਂਗੂ ਨਸ਼ਟ ਹੋ ਜਾਂਦਾ ਹੈ ?॥38॥

ਹੇ ਕ੍ਰਿਸ਼ਨ ! ਮੇਰੇ ਇਸ ਸੰਦੇਹ ਨੂੰ ਦੂਰ ਕਰੋ, ਕਿਉਂਕਿ ਆਪ ਦੇ ਸਿਵਾ ਮੇਰੇ ਇਸ ਸੰਦੇਹ ਨੂੰ ਦੂਰ ਕਰਨ ਵਾਲਾ ਹੋਰ ਕੋਈ ਨਹੀਂ॥39॥

ਸ੍ਰੀ ਭਗਵਾਨ ਬੋਲੇ :-

---

[55]ਦੋਹਾਂ =ਕਰਮ ਯੋਗ ਅਤੇ ਧਿਆਨ ਯੋਗ ।

ਹੇ ਪਾਰਥ । ਉਸ ਆਦਮੀ ਦਾ ਲੋਕ ਪ੍ਰਲੋਕ ਦੋਹਾਂ ਲੋਕਾਂ ਵਿਚ ਹੀ ਨਾਸ ਨਹੀਂ ਹੁੰਦਾ, ਕਿਉਂਕਿ ਸ਼ੁਭ ਕਰਮ ਕਰਨ ਵਾਲਾ—ਹੇ ਪਿਆਰੇ !—ਕਦੇ ਭੀ ਦੁਰਗਤੀ ਨੂੰ ਨਹੀਂ ਪਾਉਂਦਾ ।। 40॥

ਯੋਗ ਵਿਚੋਂ ਭ੍ਰਿਸ਼ਟ ਹੋਇਆ ਹੋਇਆ ਪੁਰਸ਼ ਉਸ ਲੋਕ ਵਿਚ ਜਾ ਕੇ ਬਹੁਤ ਸਮੇਂ ਤਕ ਰਹਿੰਦਾ ਹੈ, ਜਿਥੇ ਸ਼ੁਭ ਕਰਮ ਕਰਨ ਵਾਲੇ ਜਾਂਦੇ ਹਨ ਅਤੇ ਫੇਰ ਅੱਛੇ ਪੁਰਸ਼ਾਂ ਦੇ ਘਰ ਜਨਮ ਲੈਂਦਾ ਹੈ॥41॥

ਅਥਵਾ ਉਹ ਯੋਗੀਆਂ ਦੀ ਕੁਲ ਵਿਚ ਜਨਮ ਲੈਂਦਾ ਹੈ, ਪਰ ਐਸਾ ਜਨਮ ਇਸ ਲੋਕ ਵਿਚ ਬੜਾ ਦੁਰਲਭ ਹੈ॥42॥

ਹੇ ਕੁਰੂ ਨੰਦਨ ! ਓਥੇ ਜਨਮ ਲੈ ਕੇ ਪਿਛਲੇ ਜਨਮ ਦੀ ਬੁੱਧ ਆ ਪ੍ਰਗਟ ਹੁੰਦੀ ਹੈ, ਅਤੇ ਉਹ ਫੇਰ ਮੁੜਕੇ ਯੋਗ ਸਿੱਧੀ ਲਈ ਯਤਨ ਕਰਦਾ ਹੈ॥43॥

ਪਿਛਲੇ ਜਨਮ ਦੇ ਅਭਿਆਸ ਕਰਕੇ ਫੇਰ ਓਸੇ ਪਾਸੇ ਹੀ ਬੇਵੱਸ ਹੋ ਕੇ ਖਿਚਿਆ ਜਾਂਦਾ ਹੈ, ਯੋਗ ਦਾ ਜਗਿਆਸੂ ਸ਼ਬਦ[56] ਬ੍ਰਹਮ ਤੋਂ ਪਰੇ ਚਲਿਆ ਜਾਂਦਾ ਹੈ॥44॥

ਜੋ ਯੋਗੀ ਦ੍ਰਿੜ੍ਹਤਾ ਨਾਲ ਯਤਨ ਕਰਦਾ ਹੈ, ਪਾਪ ਤੋਂ ਛੁਟਕਾਰਾ ਪਾ ਕੇ ਅਨੇਕ ਜਨਮਾਂ ਦੁਆਰਾ ਸਿੱਧੀ ਪ੍ਰਾਪਤ ਕਰਕੇ ਪਰਮ ਗਤੀ ਨੂੰ ਪਾਉਂਦਾ ਹੈ॥45॥

ਯੋਗੀ ਤਪੱਸ੍ਵੀ ਤੋਂ ਅਧਿਕ ਹੈ, ਗਿਆਨੀ ਤੋਂ ਭੀ ਯੋਗੀ ਅਧਿਕ ਹੈ, ਕਰਮ ਕਾਂਡ ਕਰਨ ਵਾਲੇ ਤੋਂ ਭੀ ਯੋਗੀ ਅਧਿਕ ਹੈ,ਇਸ ਲਈ ਹੇ ਅਰਜਨ! ਤੂੰ ਯੋਗੀ ਹੋ॥46॥

ਜੋ ਸ਼੍ਰਧਾ ਪੂਰਵਕ ਮੇਰੇ ਵਿਚ ਆਪਣਾ ਆਤਮਾ ਜੋੜਕੇ ਮੇਰਾ ਭਜਨ ਕਰਦਾ ਹੈ, ਉਹ ਸਭ ਯੋਗੀਆਂ ਤੋਂ ਸੇਸ਼ਟ ਹੈ, ਏਹੋ ਹੀ ਮੇਰਾ ਮਤ ਹੈ॥47॥

ਇਤਿ ਸ੍ਰੀ ਆਤਮ ਸੰਯਮ ਯੋਗ ਵਰਨਣ
ਨਾਮ ਛੇਵਾਂ ਅਧਯਾਯ॥

-0-

---

[56]ਸ਼ਬਦ ਬ੍ਰਹਮ=ਵੇਦਕ ਕਰਮ ਕਾਂਡ ।

# ਸਤਵੇਂ ਅਧਯਾਯ ਦਾ ਸਾਰ

ਇਸ ਅਧਯਾਯ ਵਿਚ ਭਗਵਾਨ ਆਪਣਾ ਆਪ, ਅਤੇ ਆਪਣੀ ਪਰਾ, ਅਪਰਾ, ਸ਼ਕਤੀਆਂ ਦਾ ਵਰਣਨ ਕਰਦੇ ਹਨ। ਆਪ ਫਰਮਾਉਂਦੇ ਹਨ ਕਿ 'ਪੰਜ ਮਹਾਂ ਭੂਤ, ਇੰਦ੍ਰੇ, ਮਨ ਅਤੇ ਬੁੱਧੀ, ਜਿਨ੍ਹਾਂ ਦਾ ਤਮਾਮ ਜਗਤ ਬਣਿਆ ਹੋਇਆ ਹੈ, ਇਹ ਮੇਰੀ ਮਾਯਾ ਅਥਵਾ 'ਪਰਾ ਸ਼ਕਤੀ ਹੈ। ਇਸ ਵਿਚ ਜੀਵ ਸ਼ਕਤੀ 'ਅਪਰਾ ਸ਼ਕਤੀ' ਹੈ। ਇਹ ਤਮਾਮ ਮਾਨੋ ਮਣੀਆਂ ਹਨ ਅਤੇ ਧਾਗੇ ਰੂਪੀ ਜੀਵ ਸ਼ਕਤੀ ਉਪਰ ਪਰੋਕੇ ਮੈਂ ਧਾਰਨ ਕੀਤਾ ਹੋਇਆ ਹੈ। ਮੈਂ ਅਰਥਾਤ ਪਰਮੇਸ਼ਰ ਸਭ ਤੋਂ ਉਪਰ ਹਾਂ। ਐਸਾ ਹੀ ਮੈਨੂੰ (ਭਗਵਾਨ ਨੂੰ) ਜਾਨ ਕੇ ਅੱਛੇ ਕਰਮ ਕਰਨ ਵਾਲੇ ਜਗਿਆਸੂ ਤੇ ਗਿਆਨੀ ਆਦਿ ਮੇਰੀ ਉਪਾਸਨਾ ਕਰਦੇ ਹਨ। ਜੋ ਮੇਰੇ (ਭਗਵਾਨ ਦੇ) ਸਿਵਾ ਹੋਰ ਦੇਵਤੇ ਆਦਿ ਨੂੰ ਪੂਜਦੇ ਹਨ, ਉਹ ਉਨ੍ਹਾਂ ਦੀ ਤਰਫ ਜਾਂਦੇ ਹਨ। ਇਸ ਲਈ ਕੇਵਲ ਭਗਵਾਨ ਦੀ ਹੀ ਭਗਤੀ ਕਰਨੀ ਚਾਹੀਦੀ ਹੈ, ਜੈਸਾ ਕਿ ਉਹ ਉਪਰ ਪ੍ਰਗਟ ਕਰ ਆਏ ਹਨ।

ਅੰਤ ਵਿਚ ਭਗਵਾਨ ਦੱਸਦੇ ਹਨ ਕਿ ਇੱਛਾ ਦ੍ਵੈਸ਼ ਆਦਿ ਵਿਚੋਂ ਪੈਦਾ ਹੋਏ ਦ੍ਵੰਦਾਂ ਨਾਲ ਮੋਹਿਤ ਹੋਏ ਹੋਏ ਪ੍ਰਾਣੀ ਇਸ ਸੰਸਾਰ ਵਿਚ ਆਉਂਦੇ ਜਾਂਦੇ ਰਹਿੰਦੇ ਹਨ, ਅਤੇ ਜੋ ਕੇਵਲ ਮੁਕਤੀ ਦੀ ਇੱਛਾ ਰੱਖਕੇ ਭਗਵਾਨ ਦੀ ਸਰਣ ਨੂੰ ਪ੍ਰਾਪਤ ਹੁੰਦੇ ਹਨ ਉਹ ਆਤਮਾ ਗਿਆਨ ਅਤੇ ਬ੍ਰਹਮ ਨੂੰ ਜਾਣਦੇ ਹਨ।

-0-

## ਸਤਵਾਂ ਅਧਜਾਯ

ਸ੍ਰੀ ਕ੍ਰਿਸ਼ਨ ਭਗਵਾਨ ਬੋਲੇ :-

ਹੇ ਪਾਰਥ ! ਆਪਣਾ ਚਿੱਤੁ ਮੇਰੇ ਵਿਚ ਲਾਕੇ ਅਤੇ ਮੇਰੇ ਹੀ ਆਸਰੇ ਪਰਣੇ ਹੋ ਕੇ ਯੋਗ ਦੁਆਰਾ ਨਿਰ ਸੰਦੇਹ ਹੋਕੇ ਜਿਸਤਰਾਂ ਤੂੰ ਮੈਨੂੰ ਜਾਣੇਗਾਂ, ਮੇਰੇ ਕੋਲੋਂ ਸੁਣ॥1॥

ਹੁਣ ਮੈਂ ਤੈਨੂੰ ਉਹ ਗਿਆਨ ਵਿਗਿਆਨ ਸੁਣਾਉਂਦਾ ਹਾਂ, ਜਿਸ ਨੂੰ ਜਾਣਕੇ ਫੇਰ ਹੋਰ ਕੁਛ ਜਾਣਨ ਯੋਗ ਨਹੀਂ ਰਹਿੰਦਾ॥2॥

ਹਜ਼ਾਰਾਂ ਪੁਰਸ਼ਾਂ ਵਿਚੋਂ ਕੋਈ ਹੀ ਐਸਾ ਹੁੰਦਾ ਹੈ ਜੋ ਸਿੱਧੀ[57] ਵਾਸਤੇ ਯਤਨ ਕਰਦਾ ਹੈ, ਅਤੇ ਇਨ੍ਹਾਂ ਯਤਨ ਕਰਨ ਵਾਲਿਆਂ ਵਿਚੋਂ ਭੀ ਕੋਈ ਹੀ ਮੈਨੂੰ ਠੀਕ ਤਰ੍ਹਾਂ ਜਾਣਦਾ ਹੈ॥3॥

ਪ੍ਰਿਥਵੀ, ਜਲ, ਅਗਨੀ, ਹਵਾ, ਅਕਾਸ਼, ਮਨੁ, ਬੁੱਧੀ ਅਤੇ ਅਹੰਕਾਰ ਇਹ ਮੇਰੀ ਅੱਠ ਪ੍ਰਕਾਰ ਦੀ ਜੁਦੀ ਪ੍ਰਕ੍ਰਿਤੀ ਹੈ॥4॥

ਇਹ ਅਪਰਾ[58] ਪ੍ਰਕ੍ਰਿਤੀ ਹੈ ਅਤੇ ਹੇ ਮਹਾਂਬਾਹੋ ! ਇਸ ਤੋਂ ਜੁਦੀ ਜੀਵ ਭੁਤ ਇਹ ਪਰਾ[59] ਪ੍ਰਕ੍ਰਿਤੀ ਜਾਣੁ, ਇਸੇ ਪ੍ਰਕ੍ਰਿਤੀ ਨੇ ਜਗਤ ਧਾਰਨ ਕੀਤਾ ਹੋਇਆ ਹੈ॥5॥

ਇਹ ਤੂੰ ਅੱਛੀ ਤਰ੍ਹਾਂ ਜਾਣ ਲੈ ਕਿ ਇਹ ਸਭ ਜੀਵਾਂ ਦੀ ਪੈਦਾਇਸ਼ ਦੀ ਜਗਾ ਹੈ ਅਤੇ ਸਾਰੇ ਜਗਤਦੀ ਉਤਪਤੀ ਅਤੇ ਪ੍ਰਲੈ ਰੂਪ ਮੈਂ ਹੀ ਹਾਂ॥6॥

ਹੇ ਧਨੰਜਯ ! ਮੇਰੇ ਤੋਂ ਪਰੇ ਹੋਰ ਕੋਈ ਨਹੀਂ । ਇਹ ਸਭ ਕੁਛ ਮੇਰੇ ਨਾਲ ਇਸ ਤਰ੍ਹਾਂ ਪਰੋਇਆ ਹੋਇਆ ਹੈ ਜਿਸਤਰਾਂ ਸੂਤ ਵਿਚ ਮਣੀਆਂ ਪਰੋਈਆਂ ਹੋਈਆਂ ਹੁੰਦੀਆਂ ਹਨ ।

---

[57]ਸਿੱਧੀ=ਮੁੱਖ, ਮੁਕਤੀ ।

[58] ਅਪਰਾ=ਹੇਠਲੇ ਦਰਜੇ ਦੀ, ਉਰਲੀ ।

[59] ਪਰਾ=ਉਪਰਲੇ ਦਰਜੇ ਦੀ, ਪਰਲੀ ।

ਹੇ ਕੌਂਤੇਯ ! ਪਾਣੀ ਵਿਚ ਮੈਂ ਰਸ ਹਾਂ, ਚੰਦ੍ਰਮਾ ਅਤੇ ਸੂਰਜ ਵਿਚ ਮੈਂ ਪ੍ਰਕਾਸ਼ ਹਾਂ, ਸਾਰੇ ਵੇਦਾਂ ਵਿਚ ਮੈਂ ਪ੍ਰਣਵ[60] ਹਾਂ, ਅਕਾਸ਼ ਵਿਚ ਮੈਂ ਸ਼ਬਦ ਹਾਂ, ਪੁਰਖਾਂ ਵਿਚ ਪੁਰਖੱਤਵ ਮੈਂ ਹਾਂ॥8॥

ਪ੍ਰਿਥਵੀ ਵਿਚ ਸੁਗੰਧੀ ਮੈਂ ਹਾਂ, ਅਗਨੀ ਵਿਚ ਤੇਜ ਮੈਂ ਹਾਂ, ਸਭ ਭੂਤਾਂ ਵਿਚ ਜੀਵ ਮੈਂ ਹਾਂ,ਅਤੇ ਤਪਸ੍ਵੀਆਂ ਵਿਚ ਤਪ ਮੈਂ ਹਾਂ॥9॥

ਹੇ ਪਾਰਥ ! ਸਭ ਜੀਵਾਂ ਦਾ ਸਨਾਤਨ ਬੀਜ ਮੈਂ ਹਾਂ, ਜੋ ਬੁੱਧੀ ਰੱਖਣ ਵਾਲੇ ਹਨ ਉਨ੍ਹਾਂ ਦੀ ਬੁੱਧੀ ਮੈਂ ਹਾਂ, ਅਤੇ ਤੇਜੱਸ੍ਵੀਆਂ ਵਿਚ ਤੇਜ਼ ਮੈਂ ਹਾਂ॥10॥

ਬਲਵਾਨਾਂ ਦਾ ਰਾਗ ਅਤੇ ਕਾਮ ਰਹਿਤ ਬਲ ਮੈਂ ਹਾਂ । ਹੇ ਭਰਤਰਸ਼ਭ ! ਜੀਵਾਂ ਵਿਚ ਧਰਮ ਅਨੁਸਾਰ ਕਾਮਨਾ ਮੈਂ ਹਾਂ॥11॥

ਸਤ ਰਜ ਤਮ ਭਾਵ ਮੇਰੇ ਵਿੱਚੋਂ ਉਤਪਨ ਹੋਏ ਜਾਣ ਮੈਂ[61] ਉਨ੍ਹਾਂ ਦੇ ਵੱਸ ਵਿਚ ਨਹੀਂ, ਉਹ ਮੇਰੇ ਅਧੀਨ ਹਨ॥12॥

ਇਹ ਸਾਰਾ ਜਗਤ ਤਿੱਨਾਂ ਗੁਣਾ ਦੇ ਭਾਵਾਂ ਨਾਲ ਭਰਮਾਇਆ ਹੋਇਆ ਮੈਨੂੰ ਹੀ ਜਾਣਦਾ । ਮੈਂ ਇਸਤੋਂ ਪਰੇ ਅਬਿਨਾਸੀ ਹਾਂ॥13॥

ਇਹ ਮੇਰੀ ਤਿੱਨਾ ਗੁਣਾ ਵਾਲੀ ਦੇਵੀ ਮਾਯਾ ਬੜੀ ਦੁਸਤਰ ਹੈ, ਜਿਹੜੇ ਕੇਵਲ ਮੇਰੀ ਹੀ ਸਰਣ ਲੈਂਦੇ ਹਨ ਉਹ ਇਸ ਮਾਯਾ ਤੋਂ ਪਾਰ ਲੰਘਦੇ ਹਨ॥14॥

ਪਾਪੀ, ਮੂੜ, ਨੀਚ ਜਿਨ੍ਹਾਂ ਦੀ ਬੁੱਧੀ ਮਾਯਾ ਨਾਲ ਨਸ਼ਟ ਹੋ ਗਈ ਹੈ ਅਤੇ ਅਸੁਰੀ ਸੁਭਾਵ ਵਾਲੇ ਮੇਰੇ ਪਾਸ ਨਹੀਂ ਆਉਂਦੇ॥15॥

ਹੇ ਅਰਜਨ ! ਭਲੇ ਆਦਮੀ ਜੋ ਮੈਨੂੰ ਭਜਦੇ ਹਨ, ਉਹ ਚਾਰ ਪ੍ਰਕਾਰ ਦੇ ਹਨ । ਹੇ ਭਰਤਰ ਸਭ ! ਦੁਖੀ, ਜਗਿਆਸੂ, ਅਰਥੀ ਅਤੇ ਗਿਆਨੀ॥16॥

---

[60] ਪ੍ਰਣਵ=ਓਂਕਾਰ

[61] ਮੈਂ = ਪਰਮੇਸ਼ਰ ।

ਇਨ੍ਹਾਂ ਵਿਚੋਂ ਗਿਆਨੀ ਸਦਾ ਯੁਕਤ ਅਤੇ ਇਕ ਦੀ ਹੀ ਭਗਤੀ ਕਰਦਾ ਹੋਇਆ ਸਭ ਵਿਚੋਂ ਸ੍ਰੇਸ਼ਟ ਹੈ। ਮੈਂ ਗਿਆਨੀ ਨੂੰ ਪਰਮ ਪਿਆਰਾ ਹਾਂ ਤੇ ਉਹ ਮੈਨੂੰ ਪਿਆਰਾ ਹੈ॥17॥

ਇਹ ਸਾਰੇ ਹੀ ਉਤਮ ਹਨ,ਪਰ ਗਿਆਨੀ ਮੇਰਾ ਹੀ ਰੂਪ ਹੈ। ਐਸਾ ਮੇਰਾ ਮਤ ਹੈ, ਉਹ ਆਤਮਾ ਨਾਲ ਯੁਕਤ ਅਤੇ ਮੈਂ ਜੋ ਪਰਮ-ਗਤੀ ਹਾਂ ਮੇਰੇ ਵਿਚ ਇਸਥਿਤ ਹੈ॥18॥

ਬਹੁਤ ਜਨਮ ਬੀਤਣ ਤੇ ਗਿਆਨਵਾਨ ਆਦਮੀ ਮੈਨੂੰ ਪਹੁੰਚਦਾ ਹੈ । ਉਹ ਸਭ ਨੂੰ ਵਾਸਦੇਵ ਹੀ ਸਮਝਦਾ ਹੈ । ਐਸਾ ਮਹਾਤਮਾ ਦੁਰਲਭ ਹੈ॥19॥

ਜਿਨ੍ਹਾਂ ਦਾ ਗਿਆਨ,ਕਾਮ ਕਰ ਕੇ ਖੰਡ ਹੋ ਗਿਆ ਹੈ, ਉਹ ਅਪਣੀ ਅਪਣੀ ਪ੍ਰਕ੍ਰਿਤੀ ਅਨੁਸਾਰ ਕਈ ਕਾਮਨਾਂ ਰੱਖਦੇ ਹੋਏ ਹੋਰ ਹੋਰ ਦੇਵਤਿਆਂ ਵਲ ਜਾਂਦੇ ਹਨ॥20॥

ਜੋ ਜੋ ਆਦਮੀ ਸ਼੍ਰਧਾ ਨਾਲ ਜਿਸ ਜਿਸ ਦੇਵਤੇ ਨੂੰ ਪੂਜਦਾ ਹੈ, ਉਸ ਉਸ ਆਦਮੀ ਦੀ ਤਿਸ਼ ਸ਼੍ਰਧਾ ਨੂੰ ਮੈਂ ਓਸੇ ਦੇਵਤਾ ਵਿਚ ਦ੍ਰਿੜ ਕਰ ਦਿੰਦਾ ਹਾਂ॥21॥

ਉਸੇ ਸ਼੍ਰਧਾ ਅਨੁਸਾਰ ਉਹ ਆਦਮੀ ਉਸੇ ਦੇਵਤਾ ਦੀ ਉਪਾਸਨਾ ਕਰਦਾ ਹੈ ਅਤੇ ਆਪਣੀ ਕਾਮਨਾ ਪਾਉਂਦਾ ਹੈ । ਸਫ਼ਲ ਕਰਨ ਵਾਲਾ ਮੈਂ ਹੀ ਹਾਂ॥22॥

ਇਨ੍ਹਾਂ ਅਲਪ ਬੁੱਧੀ ਵਾਲੇ ਆਦਮੀਆਂ ਦੀਆਂ ਕਾਮਨਾਂ ਦਾ ਫਲ ਨਾਸਵਾਨ ਹੈ। ਜੋ ਦੇਵਤਿਆਂ ਦੀ ਉਪਾਸਨਾ ਕਰਦੇ ਹਨ ਉਹ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ, ਅਤੇ ਜੋ ਮੇਰੀ ਉਪਾਸਨਾ ਕਰਦੇ ਹਨ, ਉਹ ਮੈਨੂੰ ਪ੍ਰਾਪਤ ਹੁੰਦੇ ਹਨ॥23॥

ਇਹ ਬੁੱਧੀ ਤੋਂ ਖਾਲੀ ਮੈਨੂੰ, ਜੋ ਕਿ ਅਵਯਕਤ ਹਾਂ ਵਯਕਤ ਹੀ ਲਖਦੇ ਹਨ । ਮੇਰੇ ਅਬਿਨਾਸ਼ੀ ਸਰਵੋਤਮ ਅਤੇ ਪਰਮ ਸਰੂਪ ਨੂੰ ਨਹੀਂ ਜਾਣਦੇ॥24॥

ਮੈਂ ਸਾਰਿਆਂ ਦੇ ਸਾਮ੍ਹਣੇ ਪ੍ਰਤੱਖ ਨਹੀਂ ਹਾਂ, ਅਪਣੀ ਯੋਗ ਮਾਯਾ ਦੇ ਪਰਦੇ ਵਿਚ ਢਕਿਆ ਹੋਇਆ ਹਾਂ। ਮੂੜ ਲੋਕ ਮੈਨੂੰ ਅਜਨਮਾ ਅਤੇ ਅਬਿਨਾਸੀ ਨਹੀਂ ਜਾਣਦੇ॥25॥

ਹੇ ਅਰਜਨ ! ਮੈਂ ਭੂਤ ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਦੇ ਸਭ ਜੀਵਾਂ ਨੂੰ ਜਾਣਦਾ ਹਾਂ, ਪਰ ਮੈਨੂੰ ਕੋਈ ਨਹੀਂ ਜਾਣਦਾ॥26॥

ਹੇ ਭਾਰਤ ! ਇਸ ਸੰਸਾਰ ਵਿਚ ਰਾਗ ਦ੍ਵੈਸ ਤੋਂ ਹੋਏ ਹੋਏ ਦ੍ਵੰਦ ਨਾਲ ਮੋਹ ਬਸ ਹੋ ਕੇ ਸਭ ਜੀਵ-ਹੇ ਪਰੰਤਪ ! ਭਰਮ ਵਿਚ ਫਸੇ ਹੋਏ ਇਸ ਸੰਸਾਰ ਵਿਚ ਚਲਦੇ ਹਨ॥27॥

ਜਿਨ੍ਹਾਂ ਪੁੱਨ-ਆਤਮਾ ਆਦਮੀਆਂ ਦੇ ਪਾਪ ਦੂਰ ਹੋ ਗਏ ਹਨ, ਅਤੇ ਦ੍ਵੰਦ ਦੇ ਭਰਮ ਤੋਂ ਛੁਟ ਗਏ ਹਨ, ਉਹ ਦ੍ਰਿੜ ਹੋ ਕੇ ਮੇਰਾ ਭਜਨ ਕਰਦੇ ਹਨ॥28॥

ਜੋ ਮੇਰੇ ਆਸਰੇ ਹੋ ਕੇ ਜਰਾ ਮਰਨ ਤੋਂ ਛੁਟ ਜਾਣ ਦਾ ਯਤਨ ਕਰਦੇ ਹਨ, ਉਹ ਬ੍ਰਹਮ, ਆਤਮ ਗਿਆਨ ਅਤੇ ਕਰਮ ਨੂੰ ਜਾਣਦੇ ਹਨ॥29॥

ਜੋ ਮੈਨੂੰ ਹੀ ਅਧਿਭੂਤ, ਅਧਿਦੇਵ ਅਤੇ ਅਧਿਯੱਗ ਜਾਣਦੇ ਹਨ, ਉਹ ਯੁਕਤ ਚਿੱਤ ਵਾਲੇ ਦੇਹਿ ਤਿਆਗਣ ਦੇ ਵੇਲੇ ਭੀ (ਉਹੀ) ਮੈਨੂੰ ਜਾਣਦੇ ਹਨ॥30॥

ਇਤਿ ਸ਼੍ਰੀ ਗਿਆਨ ਵਿਗਿਆਨ ਯੋਗ ਵਰਣਨ
ਨਾਮ ਸਤਵਾਂ ਅਧਯਾਯ॥

-0-

## ਅਠਵੇਂ ਅਧਯਾਯ ਦਾ ਸਾਰ

ਭਗਵਾਨ ਨੇ ਸੱਤਵੇਂ ਅਧਯਾਯ ਦੇ ਅਖੀਰ ਦਸਿਆ ਹੈ ਕਿ ਜੋ ਆਦਮੀ ਮੈਨੂੰ (ਭਗਵਾਨ ਨੂੰ) ਹੀ ਅਧਿਭੂਤ ਅਧਿਦੇਵ ਅਤੇ ਅਧਿਯੁੱਗ ਵਿਚ ਮਰਣ ਵੇਲੇ ਭੀ ਦੇਖ ਲਵੇ ਉਹ ਮੁਕਤ ਹੁੰਦਾ ਹੈ। ਹੁਣ ਇਸ ਅਠਵੇਂ ਅਧਯਾਯ ਵਿਚ ਭਗਵਾਨ ਦੱਸਦੇ ਹਨ, ਕਿ ਇਹ ਅਧਿਭੂਤ ਆਦਿਕ ਕੀ ਹਨ ?

ਇਸੇ ਅਧਯਾਯ ਵਿਚ ਅਗੇ ਚਲਕੇ ਦੱਸਦੇ ਹਨ, ਕਿ ਇਸ ਜੀਵਣ ਵਿਚ ਹੀ ਯਾ ਮਰਨ ਉਪ੍ਰੰਤ ਯੋਗੀ ਕਿਸ ਤਰਾਂ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ ? ਮਰਨ ਸਮੇਂ ਜੋ ਕੇਵਲ ਪਰਮ ਪੁਰਸ਼ ਦੇ ਅਖੰਡ ਧਿਆਨ ਵਿਚ ਇਸਥਿਤ ਹੋਵੇ, ਉਹ ਪਰਮ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ ਪਰ ਇਹ ਧਿਆਨ ਪਰਮ ਪੁਰਸ਼ ਦੀ ਪਰਮ ਭਗਤੀ ਤੇ ਸਦਾ ਦੇ ਅਭਿਆਸ ਨਾਲ ਹੀ ਹਾਸਲ ਹੋ ਸਕਦਾ ਹੈ । ਅਤੇ ਫੇਰ ਯੋਗੀ ਯੋਗ ਦੁਆਰਾ ਦੇਹਿ ਦੇ ਸਭ ਦਰਵਾਜ਼ੇ (ਇੰਦ੍ਰੇ) ਬੰਦ ਕਰਿ, ਪ੍ਰਾਣ ਸਿਰ ਵਿਚ ਟਿੱਕਾ ਤੇ ਚਿਤ ਨੂੰ ਰਿਦੇ ਵਿਚ ਨਿਰੁੱਧ ਕਰਕੇ ਪ੍ਰਣਵ ਜੋ ਇਕ ਅਖਰ (ਮਾਤ੍ਰਕ) ਬ੍ਰਹਮ ਹੈ, ਉਸ ਦਾ ਉਚਾਰਣ ਕਰਦਾ, ਭਗਵਾਨ ਵਿਚ ਧਿਆਨ ਲਗਾਵੰਦਾ ਹੋਇਆ ਪਰਮ-ਗਤੀ ਨੂੰ ਪ੍ਰਾਪਤ ਹੁੰਦਾ ਹੈ ?

ਸ਼ੁਕਲ ਅਤੇ ਕ੍ਰਿਸ਼ਨ, ਜਗਤ ਵਿਚ ਦੋ ਰਸਤੇ ਹਨ, ਜਿਹੜੇ ਯੋਗੀ ਸ਼ੁਕਲ ਦੇ ਰਸਤੇ ਜਾਂਦੇ ਹਨ, ਉਨ੍ਹਾਂ ਦਾ ਫੇਰ ਜਨਮ ਨਹੀਂ ਹੁੰਦਾ, ਪਰ ਜਿਹੜੇ ਕ੍ਰਿਸ਼ਨ ਰਸਤੇ ਜਾਂਦੇ ਹਨ, ਉਹ ਫੇਰ ਇਸ ਸੰਸਾਰ ਵਿਚ ਜਨਮ ਧਾਰਦੇ ਹਨ ।

-0-

## ਅਠਵਾਂ ਅਧਜਾਯ

ਅਰਜਨ ਉਵਾਚ :-

ਹੇ ਪੁਰਸ਼ੋਤਮ ! ਬ੍ਰਹਮ ਕੀ ਹੈ ? ਅਧਜਾਤਮ ਕੀ ਹੈ ? ਕਰਮ ਕੀ ਹੈ ? ਅਧਿਭੂਤ ਕੀ ਹੈ ? ਅਧਿਦੈਵ ਕੀ ਹੈ ?॥1॥

ਹੇ ਮਧੁਸੂਦਨ ! ਇਸ ਦੇਹਿ ਵਿਚ ਅਧਿਯੋਗ ਕੌਣ ਹੈ ? ਅਤੇ ਆਪਣੇ ਤੇ ਕਾਬੂ ਪਾਇਆ ਹੋਇਆ ਆਦਮੀ ਦੇਹਿ ਤਿਆਗਣ ਵੇਲੇ ਤੁਹਾਨੂੰ ਕਿਸ ਤਰ੍ਹਾਂ ਜਾਣੇ ?॥2॥

ਸ਼੍ਰੀ ਭਗਵਾਨ ਉਵਾਚ :—

ਬ੍ਰਮ ਅਬਿਨਾਸ਼ੀ ਅਤੇ ਪਰਮ ਹੈ, ਉਸ ਦਾ ਸੁਭਾਵ (ਜੀਵ ਪ੍ਰਤੱਗ ਆਤਮਾ) ਅਧਜਾਤਮ ਕਹਾਉਂਦਾ ਹੈ । ਸਭ ਜੀਵਾਂ ਦੀ ਉਤਪਤੀ ਦਾ ਕਾਰਨ ਕਰਮ[62] ਹੈ॥3॥

ਹੇ ਦੇਹ ਧਾਰੀਆਂ ਵਿਚੋਂ ਸ੍ਰੇਸ਼ਟ ! ਨਾਸ਼ਵਾਨ ਭਾਵ ਅਧਿਭੂਤ ਹੈ, ਪੁਰਸ਼ ਅਧਿਦੇਵ ਹੈ ਅਤੇ ਦੇਹੀ ਵਿਚ ਅਧਿਯੱਗ ਮੈਂ ਹਾਂ॥4॥

ਜੋ ਦੇਹਿ ਤਿਆਗਣ ਵੇਲੇ ਕੇਵਲ ਮੇਰਾ ਹੀ ਸਿਮਰਣ ਕਰਦਾ ਹੈ, ਉਹ ਮੇਰੇ ਸਰੂਪ ਨੂੰ ਪ੍ਰਾਪਤ ਹੁੰਦਾ ਹੈ । ਇਸ ਵਿਚ ਕੋਈ ਸੰਦੇਹ ਨਹੀਂ॥5॥

ਹੇ ਕੌਂਤੇਯ ! ਅੰਤ ਦੇਹਿ ਤਿਆਗਣ ਸਮੇਂ ਜਿਸ ਜਿਸ ਭਾਵ ਦਾ ਕੋਈ ਧਿਆਨੁ ਕਰਦਾ ਹੈ, ਓਸੇ ਵਿਚ ਲਿਵ ਲੱਗਣ ਕਰਕੇ ਓਸੇ ਭਾਵ ਨੂੰ ਪਾਉਂਦਾ ਹੈ॥6॥

ਇਸ ਲਈ ਤੂੰ ਹਰ ਵੇਲੇ ਮੇਰਾ ਹੀ ਸਿਮਰਣ ਕਰਦਾ ਹੋਇਆ ਯੁੱਧ ਕਰ । ਮੇਰੇ ਵਿਚ ਹੀ ਮਨੁ ਅਤੇ ਬੁੱਧੀ ਲਗਾਵਣ ਨਾਲ ਨਿਰਸੰਦੇਹ ਤੂੰ ਮੈਨੂੰ ਪਾਵੇਂਗਾ॥7॥

---

[62]ਕਰਮ=ਯੱਗ ਦਾਨ ਹੋਮ ਆਦਿ ।

ਹੇ ਪਾਰਥ ! ਜੋ ਅਭਿਆਸ ਨਾਲ ਯੋਗ ਯੁਕਤ ਹੋਕੇ ਹੋਰ ਕਿਸੇ ਦਾ ਧਿਆਨ ਨਹੀਂ ਕਰਦਾ, ਉਹ ਪਰਮ ਪ੍ਰਕਾਸ਼ੀ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ॥੪॥

ਜੋ ਸਨਾਤਨ, ਸਰਵੱਗ, ਅਨਾਦਿ ਸਾਰੇ ਜਗਤ ਦਾ ਸੁਆਮੀ, ਸੂਖਮ ਤੋਂ ਭੀ ਸੂਖਮ, ਸਭ ਦਾ ਧਾਰਨ ਕਰਨ ਵਾਲਾ, ਅਚਿੰਤ ਰੂਪ, ਸੂਰਜ ਵਾਂਗ ਪ੍ਰਕਾਸ਼ਵਾਨ ਅਤੇ ਅੰਧਰੇ ਤੋਂ ਪਰੇ ਹੈ, ਉਸ ਦਾ ਧਿਆਨ ਕਰਦਾ ਹੋਇਆ॥9॥

ਮਰਨ ਸਮੇਂ ਇਕ ਚਿਤ ਹੋਕੇ, ਭਗਤੀ ਵਿਚ ਦ੍ਰਿੜ, ਯੋਗ ਸ਼ਕਤੀ ਨਾਲ ਪ੍ਰਾਣਾਂ ਨੂੰ ਭ੍ਰਿਕੁਟੀ ਵਿਚ ਟਿਕਾਉਂਦਾ ਹੈ ਉਹ ਉਸ ਦਿਵਯ ਪਰਮ-ਪੁਰਖ ਨੂੰ ਪਾਉਂਦਾ ਹੈ॥10॥

ਵੇਦ-ਵੇਤਾ ਜਿਸ ਨੂੰ ਅਨਾਸ਼ੀ ਆਖਦੇ ਹਨ, ਜਿਸ ਦੇ ਵਿਚ ਰਾਗ ਤੋਂ ਛੁਟੇ ਹੋਏ ਅਤੇ ਆਪੇ ਤੇ ਕਾਬੂ ਵਾਲੇ ਪ੍ਰਵੇਸ਼ ਕਰਦੇ ਹਨ, ਅਤੇ ਜਿਸ ਦੇ ਜਾਣਨ ਲਈ ਬ੍ਰਹਮ ਚਰਯ ਕਰਦੇ ਹਨ, ਉਸ ਪਦ ਨੂੰ ਮੈਂ ਤੈਨੂੰ ਸੰਖੇਪ ਵਿਚ ਸੁਣਾਉਂਦਾ ਹਾਂ॥11॥

ਸਭ ਦੁਆਰਿਆਂ ਨੂੰ ਬੰਦ ਕਰਕੇ ਮਨ ਨੂੰ ਹਿਰਦੇ ਵਿਚ ਰੋਕ ਕੇ, ਯੋਗ ਦੁਆਰਾ ਪ੍ਰਾਣ ਸਿਰ ਵਿਚ ਲੈ ਜਾ ਕੇ॥12॥

ੳ ਇਕ ਅਖਰ ਬ੍ਰਹਮ ਦਾ ਜੋ ਸਿਮਰਣ ਅਤੇ ਮੇਰਾ ਕਰਦਾ ਹੋਇਆ ਇਸ ਵੀਰ ਨੂੰ ਤਿਆਗ ਕੇ ਜਾਂਦਾ ਹੈ, ਉਹ ਪਰਮ-ਗਤਿ ਨੂੰ ਪਾਉਂਦਾ ਹੈ॥13॥

ਹੇ ਪਾਰਥ ! ਜੇ ਹੋਰ ਕਿਸੇ ਦਾ ਸਿਮਰਣ ਨਾ ਕਰਦਾ ਹੈ ਸਦਾ ਮੇਰਾ ਹੀ ਸਿਮਰਨ ਕਰਦਾ ਹੈ ਓਹ ਨਿਰਤਰ ਮੇਰੇ ਨਾਲ ਜੁੜਿਆ ਹੋਇਆ ਯੋਗੀ ਸੁਖਾਲਾ ਹੀ ਮੈਨੂੰ ਆ ਮਿਲਦਾ ਹੈ॥14॥

ਇਹ ਮਹਾਤਮਾ ਜਨ ਮੈਨੂੰ ਪ੍ਰਾਪਤ ਹੋ ਕੇ ਅਨਿੱਤ ਅਤੇ ਦੁੱਖਾਂ ਦੇ ਘਰ ਜਨਮ ਵਿਚ ਨਹੀਂ ਆਉਂਦੇ, ਉਹ ਪਰਮ ਸਿੱਧੀ ਅਤੇ ਪਰਮ ਗਤੀ ਨੂੰ ਪ੍ਰਾਪਤ ਹੋ ਚੁੱਕੇ ਹੁੰਦੇ ਹਨ॥15॥

ਹੇ ਅਰਜਨ ! ਬ੍ਰਹਮ ਲੋਕ ਤਾਈ ਜਿੱਨੇ ਲੋਕ ਭੀ ਹਨ. ਉਨ੍ਹਾਂ ਵਿਚੋਂ ਸਭ ਨੂੰ ਜਨਮ ਮਰਨ ਵਿਚ ਆਉਣਾ ਪੈਂਦਾ ਹੈ, ਪਰ ਹੇ ਕੌਂਤੇਯ । ਮੈਨੂੰ ਪ੍ਰਾਪਤ ਹੋਕੇ ਫੇਰ ਜਨਮ ਨਹੀਂ ਹੁੰਦਾ॥16॥

ਜਿਹੜੇ ਜਾਣਦੇ ਹਨ ਕਿ ਬ੍ਰਹਮਾ ਦਾ ਇਕ ਦਿਨ ਹਜ਼ਾਰ ਜੁਗਾਂ ਦਾ ਤੇ ਰਾਤ ਹਜ਼ਾਰ ਜੁਗਾਂ ਦੀ ਹੈ, ਉਹ ਦਿਨ ਅਤੇ ਰਾਤ ਨੂੰ ਜਾਣਦੇ ਹਨ॥17॥

ਦਿਨ ਹੋਣ ਤੇ ਅਵਯਕਤ ਵਿਚੋਂ ਸਭ ਦੇਹਿ ਧਾਰੀ ਪ੍ਰਗਟ ਹੁੰਦੇ ਹਨ, ਰਾਤ ਹੋਣ ਤੇ ਉਸੇ ਅਵਯੁਕਤ ਵਿਚ ਲੈ ਹੋ ਜਾਂਦੇ ਹਨ॥18॥

ਹੇ ਅਰਜਨ ! ਇਹ ਸਭ ਪ੍ਰਾਣੀ ਬਾਰ ਬਾਰ ਪ੍ਰਗਟ ਹੋਏ ਹੋਏ, ਰਾਤ ਆਉਣ ਤੇ ਅਵੱਸ਼ ਲੈ ਹੋ ਜਾਂਦੇ ਹਨ, ਅਤੇ ਦਿਨ ਦੇ ਆਉਣ ਤੇ ਫੇਰ ਪ੍ਰਗਟ ਹੋ ਜਾਂਦੇ ਹਨ॥19॥

ਇਸ ਲਈ ਇਸ ਅਵਜਕਤ ਤੋਂ ਪਰੇ ਹੋਰ ਸਨਾਤਨ ਅਵਯਕਤ ਹੈ, ਜੋ ਸਭ ਪ੍ਰਾਣੀਆਂ ਦੇ ਨਾਸ ਹੋਣ ਤੇ ਭੀ ਨਾਸ ਨਹੀਂ ਹੁੰਦਾ॥20॥

ਇਸ ਅਵਯਕਤ ਨੂੰ ਅਬਿਨਾਸ਼ੀ ਪਰਮ-ਗਤੀ ਕਿਹਾ ਹੈ । ਜਿਸ ਨੂੰ ਪਹੁੰਚ ਕੇ ਫੇਰ ਸੰਸਾਰ ਵਿਚ ਨਹੀਂ ਆਉਂਦੇ । ਏਹੀ ਮੇਰਾ ਪਰਮ ਧਾਮ ਹੈ॥21॥

ਹੇ ਪਾਰਥ ! ਜਿਸ ਵਿਚ ਸਭ ਜੀਵ ਹਨ, ਅਤੇ ਜੋ ਇਸ ਜਗਤ ਵਿਚ ਪਰੀਪੂਰਣ ਹੈ, ਉਹ ਪਰਮ-ਪੁਰਖ ਅਨੰਨਜ ਭਗਤੀ ਨਾਲ ਮਿਲਦਾ ਹੈ॥22॥

ਹੇ ਭਰਤਰਸ਼ਭ ! ਜਿਸ ਸਮੇਂ ਵਿਚ ਯੋਗੀ ਪ੍ਰਾਣ ਤਿਆਗ ਕੇ ਫੇਰ ਜਨਮ ਨਹੀਂ ਲੈਂਦੇ, ਅਤੇ ਜਿਸ ਕਾਲ ਵਿਚ ਯੋਗੀ ਪ੍ਰਾਣ ਤਿਆਗ ਕੇ ਫੇਰ ਜਨਮ ਲੈਂਦੇ ਹਨ, ਉਹ ਮੈਂ ਤੈਨੂੰ ਦੱਸਦਾ ਹਾਂ॥23॥

ਅਗਨੀ, ਰੋਸ਼ਨੀ, ਦਿਨ, ਸ਼ੁਕਲ ਪੱਖ, ਜਦ ਸੂਰਜ ਉਤਰਾਇਣ ਵਿਚ ਹੋਵੇ, ਬਹਮ ਵੇਤਾ ਦੇਹਿ ਤਿਆਗ ਕੇ ਬ੍ਰਹਮ ਵਿਚ ਲੀਨ ਹੋ ਜਾਂਦੇ ਹਨ॥24॥

ਧੂਆਂ, ਰਾਤ, ਕ੍ਰਿਸ਼ਨ ਪੱਖ, ਦੱਖਣਾਇਣ ਦੇ ਛੇ ਮਹੀਨੇ ਇਸ ਸਮੇਂ ਪ੍ਰਾਣ ਤਿਆਗ ਕੇ ਯੋਗੀ ਚੰਦ੍ਰ ਲੋਕ ਨੂੰ ਜਾਕੇ ਫੇਰ ਜਨਮ ਲੈਂਦਾ ਹੈ॥25॥

ਸ਼ੁਕਲ[63] ਤੇ ਕ੍ਰਿਸ਼ਨ ਇਹ ਦੋਨੋਂ ਯੋਗੀਆਂ ਦੇ ਆਉਣ ਜਾਣ ਦੇ ਸਨਾਤਨ ਮਾਰਗ ਹਨ, ਜਿਹੜਾ ਪਹਿਲੇ ਰਸਤੇ ਜਾਂਦਾ ਹੈ, ਉਹ ਮੁੜ ਨਹੀਂ ਆਉਂਦਾ, ਜੋ ਦੂਜੇ ਰਸਤੇ ਜਾਂਦਾ ਹੈ, ਉਹ ਮੁੜਕੇ ਆਉਂਦਾ ਹੈ॥26॥

ਹੇ ਪਾਰਥ ! ਇਨ੍ਹਾਂ ਦੋਹਾਂ ਮਾਰਗਾਂ ਨੂੰ ਜਾਣਨ ਵਾਲਾ ਯੋਗੀ ਅਗਿਆਨ ਵਿਚ ਨਹੀਂ ਪੈਂਦਾ। ਹੇ ਅਰਜਨ ਇਸ ਲਈ ਤੂੰ ਯੋਗ ਵਿਚ ਹੀ ਯੁਕਤ ਹੋ॥27॥

ਵੇਦ, ਤਪ, ਯੱਗ ਅਤੇ ਦਾਨ ਆਦਿ ਦਾ ਫਲ ਜੋ ਕਿਹਾ ਗਿਆ ਹੈ ਇਸ ਦੇ ਤੱਤ ਨੂੰ ਜਾਣਨ ਕਰਕੇ ਇਸ ਦੇ ਪਰੇ ਚਲਾ ਜਾਂਦਾ ਹੈ ਅਤੇ ਉੱਤਮ ਪਰਮ-ਪਦ ਨੂੰ ਪਹੁੰਚਦਾ ਹੈ॥28॥

ਇਤਿ ਸ਼੍ਰੀ ਅਖਰ ਬ੍ਰਹਮ ਯੋਗ ਵਰਣਨ
ਨਾਮ ਅਠਵਾਂ ਅਧਯਾਯ॥

-0-

---

[63] ਇਹ ਦੋਨੋ ਮਾਰਗ ਕੇਵਲ ਕਰਮ ਯਾ ਗਿਆਨ ਯੋਗੀਆ ਵਾਸਤੇ ਹਨ. ਸਭ ਪ੍ਰਾਣੀਆਂ ਵਾਸਤੇ ਨਹੀਂ।

## ਨੌਂਵੇਂ ਅਧਜਾਯ ਦਾ ਸਾਰ

ਨੌਂਵੇਂ ਅਧਜਾਯ ਵਿਚ ਭਗਵਾਨ ਆਪਣੇ ਗਿਆਨ ਅਤੇ ਅਪਣੀ ਭਗਤੀ ਦਾ ਗੂੜ੍ਹ ਉਪਦੇਸ਼ ਕਰਦੇ ਹਨ । ਉਹ ਦੱਸਦੇ ਹਨ ਕਿ 'ਮੈਂ" ਕੀ ਹਾਂ ? ਸਾਰੇ ਸੰਸਾਰ ਵਿਚ ਭਗਵਾਨ ਆਪਣੀ ਅਵਯਕਤ ਮੂਰਤੀ ਨਾਲ ਵਿਆਪਕ ਹਨ । ਸਭ ਜੀਵ ਭਗਵਾਨ ਵਿਚ ਇਸਥਿਤ ਤੇ ਉਸ ਦੇ ਆਸਰੇ ਹਨ, ਪਰ ਭਗਵਾਨ ਉਨ੍ਹਾਂ ਦੇ ਆਸਰੇ ਨਹੀਂ । ਭਗਵਾਨ ਹੀ ਆਪਣੀ ਮਾਯਾ ਨਾਲ ਇਸ ਤਮਾਮ ਜਗਤ ਨੂੰ ਪੈਦਾ ਕਰਦੇ ਹਨ । ਭਗਵਾਨ ਹੀ ਸਦ ਅਸਦ ਸਭ ਦੇ ਪ੍ਰਭੂ ਸਭ ਦੇ ਭਰਤਾ, ਸਭ ਦੇ ਨਿਵਾਸ, ਸਾਥਸ਼ੀ, ਸਰਬ ਵਿਆਪੀ, ਸਭ ਦੀ ਓਟ ਸਭ ਦੇ ਸੁਹਿਰਦ, ਸਭ ਦੇ ਆਦਿ, ਅੰਤ ਅਤੇ ਮੱਧਸਥਾਨ, ਸਭ ਦੇ ਅਨਾਸ਼ੀ ਬੀਜ ਅਤੇ ਸਭ ਯੱਗ ਆਦਿ ਦੇ ਭੋਗਤਾ ਹਨ । ਅਗੇ ਚੱਲਕੇ ਭਗਵਾਨ ਫੁਰਮਾਉਂਦੇ ਹਨ ਕਿ ਮਹਾਂ ਪਾਪੀ ਸ਼ੂਦਰ ਚੰਡਾਲ ਆਦਿ ਜੋ ਭਗਵਾਨ ਨੂੰ ਐਸਾ ਜਾਣ ਕੇ ਉਸ ਦੀ ਉਪਾਸ਼ਨਾ ਕਰਦੇ ਹਨ, ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦੇ ਹਨ; ਇਸ ਲਈ ਭਗਵਾਨ ਦੀ ਭਗਤੀ ਉਪਸ਼ਨਾ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਸਾਰਾ ਜੀਵਣੁ ਉਸੀ ਦੇ ਅਰਪਣ ਹੋ ਜਾਵੇ । ਭਗਵਾਨ ਅਰਪਣ ਹੀ ਯੱਗ ਕੁਰਬਾਨੀ ਕਰਦਾ ਹੋਇਆ, ਭਗਵਾਨ ਨੂੰ ਹੀ ਆਤਮ ਨਿਵੇਦਨ ਕਰਦਾ ਹੋਇਆ ਭਗਵਾਨ ਵਿਚ ਹੀ ਮਨ ਨੂੰ ਇਸਥਿਤ ਕਰਦਾ ਹੋਇਆ, ਭਗਵਾਨ ਨੂੰ ਹੀ ਪਰਮ ਜਾਣਕੇ ਐਸਾ ਭਗਤ ਭਗਵਾਨ ਨੂੰ ਜਾ ਮਿਲਦਾ ਹੈ ।

-0-

## ਨੌਂਵਾਂ ਅਧਯਾਯ

ਸ੍ਰੀ ਭਗਵਾਨ ਓਵਾਚ :-

ਤੂੰ ਦੋਸ਼ ਦ੍ਰਿਸ਼ਟੀ ਤੋਂ ਰਹਿਤ ਹੈ, ਇਸ ਲਈ ਵਿਗਿਆਨ ਸਹਿਤ ਜੋ ਅਤੀ ਗੁਪਤ ਗਿਆਨ ਹੈ, ਉਹ ਮੈਂ ਸੁਣਾਉਂਦਾ ਹਾਂ, ਜਿਸ ਨੂੰ ਜਾਣ ਕੇ ਤੂੰ ਪਾਪ ਤੋਂ ਛੁਟ ਜਾਵੇਗਾ॥1॥

ਇਹ ਗਿਆਨ ਸਭ ਵਿਦਿਆਵਾਂ ਵਿਚ ਰਾਜ ਵਿਦਿਆ, ਸਭ ਭੇਦਾਂ ਦਾ ਰਾਜਾ, ਅਤਿ ਪਵਿਤ੍ਰ ਤੇ ਉੱਤਮ ਹੈ। ਪ੍ਰਤੱਖ ਫਲ ਵਾਲਾ, ਧਰਮ ਅਨੁਸਾਰ ਹੈ, ਇਸ ਦਾ ਸਾਧਨ ਸੁਖਾਲਾ ਹੈ, ਅਤੇ ਇਹ ਨਾਸ ਨਹੀਂ ਹੋਣ ਵਾਲਾ॥2॥

ਹੇ ਪਰੰਤਪ ! ਜੋ ਆਦਮੀ ਇਸ ਗਿਆਨ ਧਰਮ ਵਿਚ ਸ਼੍ਰਧਾ ਨਹੀਂ ਰਖਦੇ ਉਹ ਮੈਨੂੰ ਨਹੀਂ ਮਿਲਦੇ, ਉਹ ਇਸ ਸੰਸਾਰ ਵਿਚ ਮਰਦੇ ਜੰਮਦੇ ਰਹਿੰਦੇ ਹਨ॥3॥

ਇਸ ਸਾਰੇ ਜਗਤ ਵਿਚ ਮੈਂ' ਅਵਯਕਤ ਰੂਪ ਨਾਲ ਵਿਆਪ ਰਿਹਾ ਹਾਂ। ਸਭ ਪ੍ਰਾਣੀ ਮੇਰੇ ਵਿਚ ਇਸਥਿਤ ਹਨ, ਮੈਂ ਉਨ੍ਹਾਂ ਵਿਚ ਇਸਥਿਤ ਨਹੀਂ ਹਾਂ॥4॥

ਅਤੇ ਜੀਵ ਮੇਰੇ ਵਿਚ ਇਸਥਿਤ ਭੀ ਨਹੀਂ, ਏਹ ਮੇਰਾ ਅਸਚਰਯ ਯੋਗ ਦੇਖ । ਸਭ ਜੀਵਾਂ ਦਾ ਆਸਰਾ ਹੋਕੇ ਭੀ ਮੈਂ ਉਨ੍ਹਾਂ ਵਿਚ ਇਸਥਿਤ ਨਹੀਂ ਹਾਂ, ਪਰ ਮੇਰਾ ਆਤਮਾ ਹੀ ਉਨ੍ਹਾਂ ਭੂਤਾਂ[64] ਦਾ ਉਤਪਨ ਕਰਨ ਵਾਲਾ ਹੈ॥5॥

ਜਿਸ ਤਰ੍ਹਾਂ ਸਭ ਜਗਾ ਵਿਚਰਦੀ ਹੋਈ ਮਹਾਨ ਵਾਯੂ ਅਕਾਸ਼ ਵਿਚ ਇਸਥਿਤ ਹੈ, ਇਸੇ ਤਰ੍ਹਾਂ ਸਭ ਜੀਵ ਮੇਰੇ ਵਿਚ ਇਸਥਿਤ ਹਨ । ਤੂੰ ਐਸਾ ਜਾਣ॥6॥

ਹੇ ਕੌਂਤੇਯ ! ਕਲਪ ਦੇ ਅੰਤ ਵਿਚ ਸਭ ਭੂਤ ਮੇਰੀ ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦੇ ਹਨ, ਅਤੇ ਕਲਪ ਦੇ ਆਦਿ ਵਿਚ ਮੇਰੇ ਵਿਚੋਂ ਉਪਜਦੇ ਹਨ॥7॥

ਮੈਂ ਆਪਣੀ ਹੀ ਪ੍ਰਕ੍ਰਿਤੀ ਵਿਚ ਲੁਕਿਆ ਹੋਇਆ ਇਨ੍ਹਾਂ ਸਭ ਜੀਵ ਆਦਿ ਨੂੰ ਪ੍ਰਕ੍ਰਿਤੀ ਦੇ ਕਾਰਣ ਪਰਾਧੀਨ ਬਾਰ ਬਾਰ ਬਾਹਰ ਭੇਜਦਾ ਹਾਂ॥8॥

---

[64]ਭੂਤ=ਸਭ ਜੀਵਾਦਿ ।

ਹੇ ਧਨੰਜਯ ! ਇਹ ਕਰਮ ਮੈਨੂੰ ਨਹੀਂ ਬੰਨ੍ਹਦੇ ਕਿਉਂਕਿ ਮੈਂ ਕਰਮਾਂ ਤੋਂ ਨਿਰਲੇਪ ਅਤੇ ਉਦਾਸੀਨ ਵਤ ਰਹਿੰਦਾ ਹਾਂ॥9॥

ਹੇ ਕੌਂਤੇਯ ! ਮੈਂ ਹੀ ਪ੍ਰਕ੍ਰਿਤੀ ਦਾ ਮਾਲਕ ਹਾਂ, ਮੇਰੇ ਹੀ ਹੇਠਾਂ ਪ੍ਰਕ੍ਰਿਤੀ ਚਰਾਚਰ ਪ੍ਰਾਣੀਆਂ ਨੂੰ ਰਚਦੀ ਰਹਿੰਦੀ ਹੈ, ਏਸੇ ਕਰਕੇ ਇਸ ਸੰਸਾਰ ਦਾ ਚੱਕ੍ਰ ਚਲਦਾ ਰਹਿੰਦਾ ਹੈ॥10॥

ਮੇਰਾ ਸਭ ਜੀਵਾਂ ਦਾ ਪ੍ਰਮੇਸ਼ਰ ਹੋਣਾ—ਮੂੜ ਆਦਮੀ ਮੇਰੇ ਪਰਮ ਤੱਤ ਨੂੰ ਨਾ ਜਾਣਦੇ ਹੋਏ, ਜਦ ਮੈਂ ਮਨੁਖ ਰੂਪ ਧਾਰਨ ਕਰਦਾ ਹਾਂ ਤਾਂ-ਮੇਰਾ ਆਦਰ ਨਹੀਂ ਕਰਦੇ॥11॥

(ਇਹ) ਆਸ਼ਾ ਹੀਨ, ਕਰਮ ਹੀਨ, ਗਿਆਨ ਹੀਨ, ਵਿਚਾਰ ਹੀਨ, ਆਸੁਰੀ, ਰਾਖਸ਼ੀ ਤੇ ਮੋਹਣੀ ਪ੍ਰਕ੍ਰਿਤੀ ਦਾ ਆਸਰਾ ਲੈਂਦੇ ਹਨ॥12॥

ਹੇ ਪਾਰਥ ! ਦੈਵੀ ਪ੍ਰਕ੍ਰਿਤੀ ਦਾ ਆਸਰਾ ਰਖਣ ਵਾਲੇ ਮਹਾਤਮਾ ਜਨ ਮੰਨੂੰ ਸਭ ਜੀਵਾਂ ਦਾ ਆਦਿ ਅਤੇ ਅਬਿਨਾਸ਼ੀ ਜਾਣਕੇ ਏਕਾਂਗ ਚਿਤ ਨਾਲ ਮੇਰਾ ਹੀ ਭਜਨ ਕਰਦੇ ਹਨ॥13॥

ਇਹ ਦ੍ਰਿੜ ਬ੍ਰਤ ਵਾਲੇ ਸਦਾ ਮੇਰਾ ਹੀ ਕੀਰਤਨ ਅਤੇ ਮੈਨੂੰ ਹੀ ਨਮਸਕਾਰ ਕਰਦੇ ਹਨ, ਮੇਰੀ ਪ੍ਰਾਪਤੀ ਦਾ ਯਤਨ ਕਰਦੇ ਹਨ, ਮੇਰੇ ਨਾਲ ਯੁਕਤ[65] ਹੋਏ ਹੁੰਦੇ ਅਨੰਨਯ ਭਗਤੀ ਨਾਲ ਮੇਰੀ ਉਪਾਸਨਾ ਕਰਦੇ ਹਨ॥14॥

ਕੋਈ ਗਿਆਨ ਰੂਪੀ ਯੱਗ ਨਾਲ ਮੇਰੀ ਉਪਾਸਨਾ ਕਰਦੇ ਹਨ, ਕੋਈ ਮੇਰੇ ਅਤੇ ਆਪਣੇ ਵਿਰ ਅਭੇਦ ਭਾਵ ਅਤੇ, ਕੋਈ ਭੇਦ ਭਾਵ ਮੰਨਕੇ, ਕੋਈ ਮੈਨੂੰ ਅਨੇਕ ਰੂਪ ਧਾਰਨ ਵਾਲਾ ਮੰਨਕੇ ਮੇਰੀ ਉਪਾਸਨਾ ਕਰਦੇ ਹਨ॥15॥

ਮੈਂ ਹੀ ਕ੍ਰਿਤੁ, ਮੈਂ ਹੀ ਯੱਗ. ਮੈਂ ਹੀ ਸ੍ਵਧਾ[66] ਮੈਂ ਹੀ ਔਸ਼ਧੀ, ਮੈਂ ਹੀ ਮੰਤ੍ਰ, ਮੈਂ ਹੀ ਘੇਉ, ਮੈਂ ਹੀ ਅਗਨੀ, ਅਤੇ ਮੈਂ ਹੀ ਹੋਮ ਹਾਂ॥16॥

---

[65] ਧਿਆਨ ਅਤੇ ਜੀਵਣ ਕਰਕੇ ਉਸਦੇ ਨਾਲ ਯੁਕਤ ਹੋਏ ਹੋਏ ।

[66] ਸੁਧਾ=ਜਿਹੜੀ ਅਹੁਤੀ ਪਿਤਰਾਂ ਨੂੰ ਦਿੰਦੇ ਹਨ ।

ਮੈਂ ਹੀ ਜਗਤ ਦਾ ਪਿਤਾ, ਮਾਤਾ ਅਤੇ ਧਾਰਨ ਕਰਨ ਵਾਲਾ, ਪਿਤਾਮਾ[67], ਮੈਂ ਹੀ ਜਾਣਨੇ। ਯੋਗ, ਪਵਿਤ੍ਰ, ਓਂਕਾਰ, ਰਿਗ, ਸਾਮ ਤੇ ਯਜੁਰ ਵੇਦ ਹਾਂ॥17

ਮੈਂ ਹੀ ਗਤਿ, ਭਰਤਾ[68], ਸੁਆਮੀ, ਸਾਖੀ[69], ਸਭ ਨਿਵਾਸ ਸਥਾਨ, ਸਭ ਦਾ ਰੱਖਕ, ਸਭ ਨੂੰ ਪਿਆਰ ਕਰਨ ਵਾਲਾ, ਪ੍ਰਲੈ ਕਰਨ ਵਾਲਾ, ਸਭ ਦਾ ਆਧਾਰ ਅਤੇ ਸਭ ਦਾ ਅਬਿਨਾਸ਼ੀ ਬੀਜ ਮੈਂ ਹੀ ਹਾਂ॥18॥

ਹੇ ਅਰਜਨ ! ਮੈਂ ਹੀ ਗਰਮੀ ਪੈਦਾ ਕਰਦਾ ਹਾਂ, ਮੈਂ ਹੀ ਜਲ ਬਰਸਾਉਂਦਾ ਹਾਂ, ਅਤੇ ਰੋਕਦਾ ਭੀ ਹਾਂ, ਮੈਂ ਹੀ ਅਮ੍ਰਿਤ ਅਤੇ ਮੈਂ ਹੀ ਮ੍ਰਿਤੂ ਹਾਂ । ਸੱਤ ਅਤੇ ਅਸੱਤ ਭੀ ਮੈਂ ਹੀ ਹਾਂ॥19॥

ਜਿਹੜੇ ਤਿੱਨਾਂ ਦੇਵਾਂ ਦੇ ਗਿਆਤਾ ਸੋਮ ਪੀਣ ਵਾਲੇ, ਆਪਣੇ ਪਾਪਾਂ ਤੋਂ ਪਵਿਤ੍ਰ ਹੋਕੇ, ਯੱਗ ਦੁਆਰਾ ਮੈਨੂੰ ਪੂਜਦੇ ਹੋਏ ਸੂਰਗ ਵਿਚ ਜਾਣ ਦੀ ਚਾਹ ਕਰਦੇ ਹਨ, ਅਤੇ ਸੂਰਗ ਵਿਚ ਜਾਕੇ ਦੇਵਤਿਆਂ ਦੇ ਭੋਗ ਭੋਗਦੇ ਹਨ॥201

ਉਹ ਸੂਰਗ ਲੋਕ ਵਿਚ ਅਨੇਕ ਭੋਗ ਭੋਗਕੇ, ਆਪਣੇ ਪੁੱਨ ਖਤਮ ਹੋ ਜਾਣ ਉਤੇ, ਮੁੜਿ ਇਸ ਮ੍ਰਿਤੂ ਲੋਕ ਵਿਚ ਆ ਜਨਮ ਲੈਂਦੇ ਹਨ, ਇਸੇ ਤਰਾਂ ਵੇਦ ਅਨੁਸਾਰ ਯੱਗਾਂ ਦੇ ਕਰਨ ਵਾਲੇ ਕਾਮਨਾਂ ਦੇ ਅਭਿਲਾਖੀ ਆਵਾ ਗਵਣ ਵਿਚ ਆਵੰਦੇ ਜਾਵੰਦੇ ਰਹਿੰਦੇ ਹਨ। 21॥

ਜੋ ਇਕ ਚਿਤ ਹੋਕੇ ਮੈਨੂੰ ਧਿਆਉਂਦੇ ਤੇ ਮੇਰੀ ਉਪਾਸਨਾ ਕਰਦੇ ਹਨ, ਅਜੇਹੇ ਇਨ੍ਹਾਂ ਨਿੱਤ ਯੁਕਤ ਭਗਤਾਂ ਨੂੰ ਮੈਂ ਯੋਗ ਖੇਮ[70] ਕਰਦਾ ਹਾਂ॥22॥

ਜੋ ਹੋਰ ਦੇਵਤਿਆਂ ਨੂੰ ਸ਼੍ਰਧਾ ਪੂਰਵਕ ਸੇਵੰਦੇ ਹਨ, ਉਹ ਭੀ ਮੈਨੂੰ ਹੀ ਪੂਜਦੇ ਹਨ, ਪ੍ਰੰਤੂ ਹੇ ਕੌਂਤੇਯ ! ਉਹ ਸੇਵਨ ਬਿਧੀ ਪੂਰਵਕ ਨਹੀਂ॥23॥

---

[67]ਪਿਤਾਮਾਂ=ਜਗਤ ਦਾ ਵਡਾ ।

[68] ਭਰਤਾ=ਭਰਨ ਪੋਖਣ ਕਰਨ ਵਾਲਾ ।

[69]ਸਾਖੀ=ਹਾਜ਼ਰ ਨਾਜ਼ਰ ।

[70] ਯੋਗ ਖੇਮ= ਉਨ੍ਹਾਂ ਦੀ ਲੋੜਾਂ ਮੈਂ ਪੂਰੀਆਂ ਕਰਦਾ ਹਾਂ ।

ਮੈਂ ਹੀ ਸਭ ਯੱਗਾਂ ਦਾ ਭਗ ਲੈਣ ਵਾਲਾ ਤੇ ਸੁਆਮੀ ਹਾਂ, ਪ੍ਰੰਤੂ ਉਹ ਮੈਨੂੰ ਤੱਤ ਰੂਪ ਵਿਚ ਨਹੀਂ ਜਾਣਦੇ, ਇਸ ਲਈ ਫੇਰ ਡਿਗਦੇ ਹਨ॥24॥

ਦੇਵਤਿਆਂ ਦੀ ਉਪਾਸਨਾ ਕਰਨ ਵਾਲੇ ਦੇਵ ਲੋਕ ਨੂੰ ਜਾਂਦੇ ਹਨ. ਪਿਤਰਾਂ ਦੀ ਉਪਾਸਨਾ ਕਰਨ ਵਾਲੇ ਪਿਤਰ ਲੋਕ ਨੂੰ, ਭੂਤਾਂ ਦੀ ਪੂਜਾ ਕਰਨ ਵਾਲੇ ਭੂਤ ਲੋਕ ਨੂੰ ਜਾਂਦੇ ਹਨ, ਮੇਰੀ ਉਪਾਸਨਾ ਕਰਨ ਵਾਲੇ ਮੈਨੂੰ ਪ੍ਰਾਪਤ ਹੁੰਦੇ ਹਨ॥25॥

ਜੋ ਕੋਈ ਭਗਤੀ ਨਾਲ ਪੱਤਾ, ਫੁਲ, ਫਲ ਯਾ ਜਲ ਭੀ ਮੇਰੇ ਅਰਪਣ ਕਰੇ ਉਸ ਪ੍ਰੇਮ ਪੂਰਵਕ ਅਰਪਣ ਕੀਤੇ ਹੋਏ ਨੂੰ ਮੈਂ ਗ੍ਰਹਣ ਕਰਦਾ ਹਾਂ॥26॥

ਹੇ ਕੌਂਤੇਯ ! ਜੋ ਤੂੰ ਕਰੇਂ, ਜੋ ਤੂੰ ਖਾਏਂ, ਜੋ ਤੂੰ ਯੱਗ ਕਰੋ, ਅਤੇ ਦਾਨ ਕਰੇ, ਜੇ ਤੂੰ ਤਪ ਕਰੇਂ, ਇਹ ਸਭ ਮੇਰੇ ਅਰਪਣ ਕਰੁ॥27॥

ਇਸ ਤਰਾਂ ਅੱਛੇ ਬੁਰੇ ਫਲਾਂ ਨੂੰ ਤਿਆਗ ਕੇ ਕਾਮ ਦੇ ਬੰਧਨ ਤੋਂ ਛਟ ਜਾਏਂਗਾ। ਸੰਨਿਆਸ ਯੋਗ ਨਾਲ ਯੁਕਤ ਹੋਇਆ ਹੋਇਆ ਤੂੰ ਦੇਹਿ ਤਿਆਗਣ ਤੇ ਮੈਨੂੰ ਪ੍ਰਾਪਤ ਹੋਵੇਂਗਾ॥28॥

ਮੈਂ ਸਭ ਜੀਵਾਂ ਲਈ ਇੱਕੋ ਜਿਹਾ ਹਾਂ, ਮੈਂ ਨਾ ਕਿਸੇ ਨਾਲ ਦ੍ਵੈਸ਼ ਕਰਦਾ ਹਾਂ, ਨਾ ਕੋਈ ਮੈਨੂੰ ਪਿਆਰਾ ਹੈ । ਜੋ ਮੈਨੂੰ ਭਗਤੀ ਨਾਲ ਭਜਦੇ ਹਨ, ਮੈਂ ਉਨ੍ਹਾਂ ਵਿਚ ਹਾਂ, ਉਹ ਮੇਰੇ ਵਿਚ ਹਨ॥29॥

ਬੜਾ ਪਾਪੀ ਪੁਰਸ਼ ਭੀ ਜਿਹੜਾ ਮੈਨੂੰ ਇਕ ਚਿੱਤ ਹੋ ਕੇ ਭਜੇ, ਉਹ ਭੀ ਸਾਧੂ ਸਮਝਣਾ ਚਾਹੀਦਾ ਹੈ, ਕਿਉਂ ਜੋ ਉਹ ਸਤ ਮਾਰਗ ਤੇ ਚਲ ਪਿਆ ਹੈ॥30॥

ਬੜੀ ਜਲਦੀ ਹੀ ਉਹ ਧਰਮਾਤਮਾ ਹੋ ਜਾਂਦਾ ਹੈ ਅਤੇ ਅਖੰਡ-ਸ਼ਾਂਤੀ ਨੂੰ ਪਹੁੰਚ ਜਾਂਦਾ ਹੈ। ਹੇ ਕੌਂਤੇਯ ! ਤੂੰ ਨਿਸਚੇ ਕਰਕੇ ਜਾਣੁ ਕਿ ਮੇਰੇ ਭਗਤ ਦਾ ਕਦੇ ਭੀ ਨਾਸ ਨਹੀਂ ਹੁੰਦਾ॥31॥

ਹੇ ਪਾਰਥ ! ਜੋ ਮੇਰੀ ਸਰਣ ਆਉਂਦਾ ਹੈ, ਉਹ ਭਾਵੇਂ ਚੰਡਾਲ[71], ਇਸਤ੍ਰੀ ਵੈਸ਼ ਤੇ ਸ਼ੂਦ੍ਰ ਹੀ ਹੋਵੇ, ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ॥32॥

ਤਾਂ ਫਿਰ ਪਵਿਤ੍ਰ ਬ੍ਰਾਹਮਣਾਂ ਅਤੇ ਰਾਜ ਰਿਖੀ ਭਗਤਾਂ ਦਾ ਤਾਂ (ਕਹਿਣਾ ਹੀ) ਕੀ ਹੈ ? ਇਸ ਅਨਿੱਤ ਤੇ ਦੁੱਖ ਭਰੇ ਲੋਕ ਵਿਚ ਆ ਕੇ ਮੈਨੂੰ ਕੀ ਭਜੁ॥33॥

ਮੇਰੇ ਵਿਚ ਮਨੁ ਲਗਾ, ਮੇਰਾ ਹੀ ਭਗਤ ਹੋ, ਮੇਰੇ ਲਈ ਹੀ ਤੂੰ ਨਮਸਕਾਰ ਕਰੁ ਮੇਰੇ ਹੀ ਪਰਾਇਣ ਹੋ, ਇਸ ਤਰਾਂ ਮੇਰੇ ਵਿਰ ਆਤਮਾ ਯੁਕਤ ਹੋਇਆ ਹੋਇਆ ਤੂੰ ਹੋਵੇਂਗਾ॥34॥

ਇਤਿ ਸ਼੍ਰੀ ਰਾਜ ਵਿਦਿਆ ਰਾਜ ਗੁਹ ਯੋਗ
ਵਰਣਨ ਨਾਮ ਨੌਵਾਂ ਅਧ੍ਯਾਯ

-0-

[71]ਚੰਡਾਲ=ਪਾਪ ਯੋਨੀ ਵਾਲੇ, ਪਾਪੀ ਦੇ ਗਰਭ ਤੋਂ ਪੈਦਾ ਹੋਏ ਹੋਏ ।

## ਦਸਵੇਂ ਅਧਯਾਯ ਦਾ ਸਾਰ

ਦਸਵੇਂ ਅਧਯਾਯ ਵਿਚ ਪਰਮ ਪੁਰਸ਼ ਦੀ ਵਿਭੂਤੀ ਵਰਣਨ ਕਰਦੇ ਹਨ, ਅਤੇ ਅੰਤ ਵਿਚ ਆਖਦੇ ਹਨ ਕਿ ਹੇ ਅਰਜਨ ਇਸ ਸਾਰੀ ਵਿਭੂਤੀ ਦਾ ਗਿਆਨ ਕਿਥੇ ਤਕ ਦੱਸ ਸਕਦਾ ਹੈ ? ਇਸ ਸਾਰੇ ਜਗਤ ਨੂੰ ਆਪਣੇ ਇਕ ਅੰਸ ਮਾਤ੍ਰ ਨਾਲ ਵਿਆਪਤ ਕਰਦਾ ਹੋਇਆ 'ਮੈਂ' ਨਿਆਰੇ ਦਾ ਨਿਆਰਾ ਹਾਂ ।

-0-

## ਦਸਵਾਂ ਅਧਜਾਯ

ਸ੍ਰੀ ਭਗਵਾਨ ਉਵਾਚ :-

ਹੇ ਮਹਾਂਬਾਹੋ ! ਫੇਰ ਮੇਰੇ ਪਰਮ ਬਚਨ ਸੁਣ, ਕਿਉਂਕਿ ਤੂੰ ਮੇਰਾ ਪਿਆਰਾ ਹੈਂ, ਇਸ ਲਈ ਤੇਰਾ ਹਿੱਤ ਕਰਕੇ ਮੈਂ ਬਚਨ ਸੁਣਾਉਂਦਾ ਹਾਂ॥1॥

ਮੇਰੇ ਅਵਤਾਰ ਨੂੰ ਦੇਵਤੇ ਅਤੇ ਮਹਾਂ-ਰਿਸ਼ੀ ਨਹੀਂ ਜਾਣਦੇ ਕਿਉਂਕਿ ਮੈਂ ਸਭ ਦੇਵਤਿਆਂ ਅਤੇ ਰਿਸ਼ੀਆਂ ਦਾ ਆਦਿ ਹਾਂ॥2॥

ਜਿਹੜਾ ਮੈਨੂੰ ਅਜਨਮਾ ਅਨਾਦਿ ਅਤੇ ਸਾਰੇ ਲੋਕਾਂ ਦਾ ਈਸ਼੍ਵਰ ਜਾਣਦਾ ਹੈ, ਉਹ ਸਭ ਮਨੁੱਖਾਂ ਵਿਚੋਂ ਮੋਹ ਤੋਂ ਰਹਿਤ ਪੁਰਸ਼ ਸਭ ਪਾਪਾਂ ਤੋਂ ਛੁੱਟ ਜਾਂਦਾ ਹੈ॥3॥

ਬੁੱਧੀ, ਗਿਆਨ, ਮੋਹ ਦਾ ਨਾ ਹੋਣਾ, ਖਿਮਾ, ਸੱਤ, ਦਮ, ਸ਼ਮ, ਦਖ, ਸੁਖ, ਉਤਪਤੀ, ਬਿਨਾਸ਼, ਭੈ, ਅਭੈਤਾ, ਅਹਿੰਸਾ, ਸਮਤਾ, ਸੰਤੋਖ, ਤਪ, ਦਾਨ, ਜਸ ਅਤੇ ਅਪਜਸ ਇਹ ਜੁਦਾ ਜੁਦਾ ਭਾਵ ਦੇ ਭਾਵ ਪ੍ਰਾਣੀਆਂ ਵਿਚ ਮੇ ਤੋਂ ਉਤਪਨ ਹੁੰਦੇ ਹਨ॥4, 5॥

ਅਤੇ ਆਦਿ ਰਿਖੀ, ਚਾਰੇ ਸਨਾਤਨ ਸੰਤ ਕੁਮਾਰ ਆਦਿ ਅਤੇ ਮਨੂ ਮੇਰੇ ਹੀ ਭਾਵ ਅਤੇ ਮਨ ਵਿਚੋਂ ਪੈਦਾ ਹੋਏ, ਇਨ੍ਹਾਂ ਤੋਂ ਅਗੇ ਪ੍ਰਜਾ ਪੈਦਾ ਹੋਈ॥6॥

ਜੋ ਮੇਰੀ ਇਸ ਵਿਭੂਤੀ ਅਤੇ ਯੋਗ ਦਾ ਤੱਤ ਜਾਣਦਾ ਹੈ, ਉਸ ਨੂੰ ਨਿਰ ਸੰਦੇਹ ਦ੍ਰਿੜ ਯੋਗ ਪ੍ਰਾਪਤਿ ਹੁੰਦਾ ਹੈ॥7॥

ਮੈਂ ਸਭਦਾ ਪੈਦਾ ਕਰਨ ਵਾਲਾ ਹਾਂ, ਅਤੇ ਮੇਤੋਂ ਹੀ ਸਭ ਪਲਦੇ ਹਨ, ਬੁੱਧੀਵਾਨ ਆਦਮੀ ਮੈਨੂੰ ਅਜੇਹਾ ਜਾਣਕੇ ਭਜਦੇ ਹਨ॥8॥

ਮੇਰੇ ਵਿਚ ਚਿਤੁ ਰਖਦੇ ਹੋਏ, ਮੇਰੇ ਵਿਚ ਹੀ ਪ੍ਰਾਣ ਵਸਦੇ ਹੋਏ, ਇਕ ਦੂਜੇ ਨੂੰ ਬੋਧ ਦਿੰਦੇ ਹੋਏ, ਸਦਾ ਮੇਰੀ ਕਥਾ ਕੀਰਤਨ ਕਰਦੇ ਹੋਏ ਸੰਤੁਸ਼ਟ ਅਤੇ ਅਨੰਦ ਰਹਿੰਦੇ ਹਨ॥9॥

ਇਹ ਸਰਵਦਾ ਯੋਗ ਯੁਕਤ ਹੋਕੇ ਮੈਨੂੰ ਪ੍ਰੇਮ ਨਾਲ ਭਜਦੇ ਹਨ, ਇਨ੍ਹਾਂ ਨੂੰ ਮੈਂ ਐਸਾ ਬੁਧਿ ਯੋਗ ਦਿੰਦਾ ਹਾਂ ਜਿਸ ਨਾਲ ਇਹ ਮੈਨੂੰ ਆ ਮਿਲਦੇ ਹਨ॥10॥

ਇਨ੍ਹਾਂ ਉਤੇ ਕ੍ਰਿਪਾ ਕਰਨ ਅਰਥ ਇਨ੍ਹਾਂ ਦੇ ਅੰਤਸ਼ ਕਰਨ ਵਿਚ ਇਸਥਿਤ ਹੋ ਕੇ ਅਗਿਆਨ ਅੰਧੇਰੇ ਨੂੰ ਗਿਆਨ ਦੀਵੇ ਨਾਲ ਦੂਰ ਕਰਦਾ ਹਾਂ॥11॥

ਅਰਜਨ ਉਵਾਰ -

ਆਪ ਪਰਮ ਬ੍ਰਹਮ, ਪਰਮ ਧਾਮ, ਪਰਮ ਪਵਿਤ੍ਰ ਅਤੇ ਸਭ ਤੋਂ ਪਰੇ ਹੋ, ਪਰਮ ਪੁਰਸ਼, ਸਦਾ ਸਨਾਤਨ, ਆਦੇ ਦੇਵ, ਅਜਨਮਾ ਅਤੇ ਸਭ ਦੇ ਈਸ਼੍ਵਰ ਆਪ ਹੋ॥12॥

ਦੇਵ ਰਿਸ਼ੀ, ਨਾਰਦ, ਅਸਿਤ. ਦੇਵਲ, ਵਿਆਸ ਅਤੇ ਸਭ ਰਿਸ਼ੀਆਂ ਨੇ ਆਪ ਨੂੰ ਐਸਾ ਹੀ ਗਾਇਆ ਹੈ । ਅਤੇ ਹੁਣ ਆਪ ਆਪਣੇ ਮੁਖਾਰਬਿੰਦ ਤੋਂ ਭੀ ਐਸਾ ਹੀ ਕਹਿੰਦੇ ਹੋ॥13॥

ਹੇ ਕੇਸ਼ਵ ! ਜੋ ਆਪ ਕਹਿ ਰਹੇ ਹੋ ਸੋ ਮੈਂ ਸਤ ਕਰਕੇ ਮੰਨਦਾ ਹਾਂ । ਹੇ ਭਗਵਾਨ ! ਆਪ ਦੇ ਰੂਪ ਨੂੰ ਨਾ ਦੇਵਤੇ ਜਾਣਦੇ ਹਨ, ਨਾ ਦਾਨਵ॥14॥

ਹੇ ਪੁਰਸ਼ੋਤਮ ! ਹੇ ਉਤਪਨ ਕਰਨ ਵਾਲੇ! ਹੇ ਜੀਵਾਂ ਦੇ ਈਸ਼! ਹੇ ਪ੍ਰਕਾਸ਼ੀਆਂ ਦੇ ਪ੍ਰਕਾਸ਼! ਹੇ ਜਗਤ ਦੇ ਸ੍ਵਾਮੀ ! ਆਪਣੇ ਆਪ ਨੂੰ ਤੁਸੀਂ ਆਪ ਹੀ ਜਾਣਦੇ ਹੋ॥15॥

ਆਪ ਹੀ ਆਪਣੀਆਂ ਦਿਵਯ ਵਿਭੂਤੀਆਂ ਨੂੰ ਪੂਰੀ ਤਰ੍ਹਾਂ ਸੁਣਾਵਣ ਦੇ ਯੋਗ ਹੋ, ਜਿਨ੍ਹਾਂ ਵਿਭੂਤੀਆਂ ਨਾਲ ਇਨ੍ਹਾਂ ਸਭ ਲੋਕਾਂ ਵਿਚ ਵਿਆਪਕ ਹੋ ਕੇ ਇਸਥਿਤ ਹੋ॥16॥

ਹੇ ਯੋਗੀਸ਼੍ਵਰ ! ਮੈਂ ਆਪਦਾ ਸਦਾ ਚਿੰਤਨ ਕਰਦਾ ਹੋਇਆ ਆਪਨੂੰ ਕਿਸ ਤਰਾ ਜਾਣਾ ? ਹੇ ਭਗਵਾਨ ! ਮੈਂ ਕਿਨ੍ਹਾਂ ਕਿਨ੍ਹਾਂ ਭਾਵਾਂ ਵਿਚ ਆਪ ਦਾ ਚਿੰਤਨ ਕਰਾਂ ?॥17॥

ਹੇ ਜਨਾਰਦਨ ! ਤੁਸੀਂ ਆਪਣੇ ਯੋਗ ਅਤੇ ਵਿਭੂਤੀਆਂ ਨੂੰ 'ਵਿਸਤਾਰ ਪੂਰਵਕ ਮੈਨੂੰ ਫੇਰ ਸੁਣਾਓ, ਕਿਉਂਕਿ ਤੁਹਾਡੇ ਅਮ੍ਰਿਤ ਰੂਪੀ ਬਚਨ ਸੁਣਦਿਆਂ ਮੇਰੀ ਤ੍ਰਿਪਤੀ ਨਹੀਂ ਹੁੰਦੀ॥18॥

ਸ੍ਰੀ ਭਗਵਾਨ ਉਵਾਚ :-

ਹੇ ਕੁਰੂਸ੍ਰੇਸ਼ਟ ! ਆਪਣੀ ਮੁਖ ਦਿਵਯ ਵਿਭੂਤੀਆਂ ਨੂੰ ਮੈਂ ਤੈਨੂੰ ਸੁਣਾਉਂਦਾ ਹਾਂ, ਕਿਉਂ ਜੋ ਮੇਰੇ ਵਿਸਤਾਰ ਦਾ ਅੰਤ ਨਹੀਂ॥19॥

ਹੇ ਗੁੜਾਕੇਸ਼ ! ਮੈਂ ਸਭ ਜੀਵਾਂ ਵਿਚ ਵੱਸਣ ਵਾਲਾ ਆਤਮਾ ਹਾਂ, ਅਤੇ ਸਭ ਜੀਵਾਂ ਦਾ ਆਦਿ ਮੱਧ ਅਤੇ ਅੰਤ ਭੀ ਹਾਂ॥20॥

ਮੈਂ ਆਦਿਤਜਾਂ ਵਿਚ ਵਿਸ਼ਨੂੰ ਹਾਂ, ਪ੍ਰਕਾਸ਼ਕ ਵਸਤੂਆਂ ਵਿਚ ਚਮਕਦਾਰ ਸੂਰਜ ਹਾਂ, ਹਵਾਵਾਂ ਵਿਚ ਮਰੀਚ ਹਾਂ, ਅਤੇ ਨਛੱਤ੍ਰਾਂ ਵਿਚ ਚੰਦ੍ਰਮਾ ਹਾਂ॥24॥

ਮੈਂ ਵੇਦਾਂ ਵਿਚ ਸਾਮ ਵੇਦ, ਦੇਵਤਿਆਂ ਵਿਚ ਇੰਦਰ, ਇੰਦਰੀਆਂ ਵਿਚ ਮਨੁ, ਅਤੇ ਪ੍ਰਾਣੀਆਂ ਵਿਚ ਚੇਤਨ ਹਾਂ॥22॥

ਮੈਂ ਰੁਦਰਾਂ ਵਿਚ ਸ਼ੰਕਰ, ਯੱਖਾਂ ਅਤੇ ਰਾਖਸ਼ਾਂ ਵਿਚ ਕੁਬੇਰ, ਵਸੂਆਂ ਵਿਚ ਅਗਨੀ ਅਤੇ ਪਰਬਤਾਂ ਵਿਚ ਸੁਮੇਰੁ ਹਾਂ॥23॥

ਹੇ ਪਾਰਥ ! ਪ੍ਰੋਹਤਾਂ ਵਿਚੋਂ ਮੈਨੂੰ ਬ੍ਰਹਸਪਤੀ ਜਾਣੂ, ਸੈਨਾ ਪਤੀਆਂ ਵਿਚ ਸਕੰਧ ਜਾਣੁ, ਅਤੇ ਝੀਲਾਂ ਵਿਚ ਮੈਂ ਸਮੁੰਦਰ ਹਾਂ॥24॥

ਮੈਂ ਮਹਾਂ ਰਿਸ਼ੀਆਂ ਵਿਚ ਭ੍ਰਿਗ, ਵਾਕਾਂ ਵਿਚੋਂ ਇਕ ਅੱਖਰੀ (ਓਂ) ਯੱਗਾਂ ਵਿਚ ਜਪ ਦਾ ਯੱਗ ਅਤੇ ਇਸਥਿਰਾਂ ਵਿਚ ਮੈਂ ਹਿਮਾਲਾ ਹਾਂ॥25॥

ਬ੍ਰਿਛਾਂ ਵਿਚੋਂ ਮੈਂ ਅਸੂਥ, ਦੇਵ ਰਿਸ਼ੀਆਂ ਵਿਚੋਂ ਨਾਰਦ, ਗੰਧਰਵਾਂ ਵਿਚੋਂ ਚਿਤਰਥ, ਅਤੇ ਸਿੱਧਾਂ ਵਿਚੋਂ ਕਪਲ ਮੁਨੀ ਹਾਂ॥26॥

ਘੋੜਿਆਂ ਵਿਚੋਂ ਉੱਚ ਸ੍ਰਵਾ, ਹਾਥੀਆਂ ਵਿਚੋਂ ਐਰਾਵਤ, ਅਤੇ ਆਦਮੀਆਂ ਵਿਚ ਮੈਂ ਰਾਜਾ ਹਾਂ॥27॥

ਮੈਂ ਹਥਿਆਰਾਂ ਵਿਚੋਂ ਬੱਜ੍ਰ, ਗਊਆਂ ਵਿਚੋਂ ਕਾਮਧੇਨ, ਪੈਦਾ ਕਰਨ ਵਾਲਿਆ ਵਿਚ ਕਾਮਦੇਵ ਅਤੇ ਸੱਪਾਂ ਵਿਚ ਵਾਸੁਕੀ ਹਾਂ॥28॥

ਮੈਂ ਨਾਗਾਂ ਵਿਚੋਂ ਅਨੰਤ ਨਾਗ, ਜਲਚਰਾਂ ਵਿਚੋਂ ਵਰੁਣ, ਪਿਤਰਾਂ ਵਿਚੋਂ ਆਰਯਾ ਅਤੇ ਦੰਡ ਧਾਰੀਆਂ ਵਿਚੋਂ ਯਮ ਹਾਂ॥29॥

ਮੈਂ ਦੈਂਤਾਂ ਵਿਚੋਂ ਪ੍ਰਹਲਾਦ, ਗਿਣਤੀ ਕਰਨ ਵਾਲਿਆਂ ਵਿਚੋਂ ਕਾਲ, ਚੁਪਾਇਆ ਵਿਚੋਂ ਸ਼ੇਰ ਤੇ ਪੰਛੀਆਂ ਵਿਚੋਂ ਗਰੜ ਹਾਂ॥30॥

ਮੈਂ ਪਵਿਤ੍ਰ ਕਰਨ ਵਾਲਿਆਂ ਵਿਚੋਂ ਹਵਾ, ਸ਼ਸਤ੍ਰ ਧਾਰੀਆਂ ਵਿਚੋਂ ਰਾਮ, ਮੱਛਾਂ ਵਿਚੋਂ ਮਗਰ ਮੱਛ ਅਤੇ ਨਦੀਆਂ ਵਿਚੋਂ ਗੰਗਾ ਹਾਂ॥31॥

ਹੇ ਅਰਜਨ ! ਮੈਂ ਉਤਪਤੀਆਂ ਵਿਚੋਂ ਆਦਿ, ਮੱਧ ਅਤੇ ਅੰਤ ਹਾਂ। ਵਿਦਿਆਵਾਂ ਵਿਚੋਂ ਮੈਂ ਅਧਿਆਤਮ ਵਿਦਿਆ ਅਤੇ ਵਾਦ ਕਰਨ ਵਾਲਿਆਂ ਵਿਚ ਮੈਂ ਵਾਦ ਹਾਂ॥32॥

ਅੱਖਰਾਂ ਵਿਚੋਂ ਮੈਂ ਅਕਾਰ, ਸਮਾਸਾਂ ਵਿਚੋਂ ਦੂੰਦ ਸਮਾਸ ਹਾਂ । ਅਨਾਸ਼ੀ ਕਾਲ ਮੈਂ ਹਾਂ, ਸਭ ਪਾਸੇ ਮੂੰਹ ਰਖਣ ਵਾਲਾ, ਕਰਮ ਫਲ ਦੇਣ ਵਾਲਾ ਮੈਂ ਹਾਂ॥33॥

ਸਭ ਦਾ ਨਾਸ ਕਰਨ ਵਾਲੀ ਮ੍ਰਿਤੂ ਮੈਂ ਹਾਂ ਅਤੇ ਅੱਗੇ ਹੋਣ ਵਾਲਿਆਂ ਦੀ ਉੱਤਪਤੀ ਦਾ ਕਾਰਣ ਮੈਂ ਹਾਂ । ਇਸਤ੍ਰੀਆਂ ਵਿਚ ਮੈਂ ਕੀਰਤੀ, ਬਾਣੀ, ਸਿਮ੍ਰਤੀ, ਬੁੱਧਿ, ਸਹਾਰਨ ਦੀ ਸ਼ਕਤੀ ਅਤੇ ਖਿਮਾ ਹਾਂ॥34॥

ਸਾਮਾਂ ਵਿਚੋਂ ਬ੍ਰਿਹਤ ਸਾਮ, ਛੰਦਾਂ ਵਿਚੋਂ ਗਾਇਤ੍ਰੀ, ਮਹੀਨਿਆਂ ਵਿਚੋਂ ਮਾਘ ਅਤੇ ਰੁੱਤਾਂ ਵਿਚੋਂ ਬਸੰਤ ਰੁਤ ਮੈਂ ਹਾਂ॥35॥

ਛਲ ਕਰਨ ਵਾਲਿਆਂ ਵਿਚੋਂ ਮੈਂ ਜੂਆ, ਤੇਜੱਸ੍ਵੀਆਂ ਵਿਚ ਤੇਜ਼ ਮੈਂ ਹਾਂ । ਜਿੱਤਣ ਕਰਨ ਵਾਲਿਆਂ ਵਿਚ ਜਿੱਤ, ਨਿਸਚੇ ਕਰਨ ਵਾਲਿਆਂ ਵਿਚ ਨਿਸਚਾ ਅਤੇ ਸਤਵੰਤਿਆਂ ਵਿਚ ਸਤੁ ਮੈਂ ਹਾਂ॥36॥

ਵ੍ਰਿਸ਼ਿਨਿ ਕੁਲ ਵਿਚੋਂ ਮੈਂ ਵਾਸੁ ਦੇਵ, ਪਾਡਵਾਂ ਵਿਚੋਂ ਧੰਨਜਯ, ਮੁਨੀਆਂ ਵਿਚੋਂ ਵਿਆਸ ਤੇ ਕਵੀਆਂ ਵਿਚ ਮੈਂ ਉਸ਼ਨਾ ਕਵੀ ਹਾਂ॥37॥

ਦਮਨ ਕਰਨ ਵਾਲਿਆਂ ਵਿਚ ਦੰਡੂ ਮੈਂ ਹਾਂ, ਸ਼ੱਤ੍ਰ ਜਿੱਤਣ ਦੀ ਇਛਾ ਕਰਨ ਵਾਲਿਆਂ ਵਿਚ ਨੀਤੀ, ਛਿਪਣ ਯੋਗ ਚੀਜ਼ਾਂ ਵਿਚ ਚੁੱਪ, ਅਤੇ ਗਿਆਨੀਆਂ ਵਿਚ ਗਿਆਨੁ ਮੈਂ ਹਾਂ॥38॥

ਹੇ ਅਰਜੁਨ ! ਸਭ ਜੀਵਾਂ ਦਾ ਬੀਜ ਮੈਂ ਹਾਂ ਚਰਾਚਰ ਮੇਰੇ ਤੋਂ ਬਾਹਰ ਕੋਈ ਨਹੀਂ॥39॥

ਹੇ ਪਰੰਤਪ ! ਮੇਰੀ ਈਸ਼੍ਵਰੀ ਵਿਭੂਤੀਆਂ ਦਾ ਕੋਈ ਅੰਤ ਨਹੀਂ, ਇਹ ਜੋ ਕੁਛ ਮੈਂ ਕਿਹਾ ਹੈ, ਮੇਰੀ ਅਨੰਤ ਵਿਭੂਤਰੀਆਂ ਦਾ ਸੰਖੇਪ ਮਾਤ੍ਰ ਹੈ॥40॥

ਜੋ ਜੋ ਵਸਤੂ ਈਸ਼੍ਵਰ ਯੁਕਤ, ਸੋਭਾਇਮਾਨ ਯਾ ਕਿਸੇ ਤਰ੍ਹਾਂ ਚਮਤਕਾਰੀ ਹੈ ਉਹ ਤੂੰ ਸਭ ਮੇਰੇ ਤੇਜ਼ ਤੋਂ ਉਤਪਨ ਹੋਈ ਜਾਣੁ॥41॥

ਹੇ ਅਰਜਨ ! ਇਨ੍ਹਾਂ ਸਭ ਵਸਤੂਆਂ ਦਾ ਗਿਆਨੁ ਤੇਰੇ ਲਈ ਕਿਸ ਕੰਮ ਹੈ ? ਇਸ ਜਗਤ ਨੂੰ ਮੈਂ ਆਪਣੇ ਇਕ ਅੰਸ਼ ਮਾਤ ਨਾਲ ਧਾਰਨ ਕਰਦਾ ਹੋਇਆ ਇਸਥਿਤ ਹਾਂ॥42॥

ਇਤਿ ਸ੍ਰੀ ਵਿਭੂਤੀ ਯਗ ਵਰਣਨ
ਨਾਮ ਦਸਵਾਂ ਅਧਯਾਯ॥

-0-

## ਗਿਆਰਵੇਂ ਅਧਯਾਯ ਦਾ ਸਾਰ

ਸ੍ਰੀ ਕ੍ਰਿਸ਼ਨ ਭਗਵਾਨ ਜੀ ਪਿਛੇ ਉਪਦੇਸ਼ ਕੀਤੇ ਹੋਏ ਦਾ ਅਰਜਨ ਨੂੰ ਅਪਣੀ ਸ਼ਕਤੀ ਨਾਲ ਆਪਣੇ ਵਿਸ਼੍ਵ ਰੂਪ ਵਿੱਚ ਸਭ ਕੁਛ ਦਿਖਲਾਉਂਦੇ ਹਨ । ਤਾਂਕੇ ਅਰਜਨ ਆਪ ਨੂੰ ਤੇ ਸਰਵ ਨੂੰ ਇਕ ਈਸ਼੍ਵਰ ਵਿਚ ਹੀ ਦੇਖ ਲਵੇ ਅਤੇ ਜਾਣ ਲਵੇ ਕਿ ਅਸਲ ਵਿਚ ਭਗਵਾਨ ਦੀ ਇੱਛਾ ਹੀ ਸਾਰੇ ਜਗਤ ਵਿਚ ਚਲ ਰਹੀ ਹੈ, ਉਹੀ ਸਰਵ ਵਿਆਪੀ ਆਤਮਾ, ਈਸ਼੍ਵਰ ਯਾ ਵਿਸ਼੍ਵ ਰੂਪ ਦੇ ਰੂਪ ਵਿਚ ਸਾਰੇ ਜਗਤ ਨੂੰ ਚਲਾ ਰਿਹਾ ਤੇ ਕਰਨ ਕਾਰਨ ਹੈ। ਇਸ ਲਈ ਹਰ ਇਕ ਪ੍ਰਾਣੀ ਦਾ ਕਰਤੱਵਯ ਹੈ ਕਿ ਉਸ ਦਾ ਭਾਣਾ ਅਬੜਾ ਇੱਛਾ ਨੂੰ ਮੰਨਦਾ ਹੋਇਆ, ਉਸ ਦੀ ਪੂਰਤੀ ਲਈ ਯਥਾ ਸ਼ਕਤਿ ਕਰਮ ਕਰੇ ।

-0-

## ਗਿਆਰਵਾਂ ਅਧਯਾਯ

ਅਰਜਨ ਉਵਾਚ :-

ਜੋ ਆਪ ਨੇ ਮੇਰੇ ਉਪਰ ਕ੍ਰਿਪਾ ਕਰਕੇ ਪਰਮ ਗੁਪਤ ਉਪਦੇਸ਼ ਕੀਤਾ ਹੈ, ਤਿਸ ਨਾਲ ਮੇਰਾ ਮੋਹ ਦੂਰ ਹੋ ਗਿਆ ਹੈ॥1॥

ਹੇ ਕਮਲ ਨੈਣ ! ਮੈਂ ਵਿਸਤਾਰ ਪੂਰਵਕ ਸੁਣਿਆ ਕਿ ਸਭ ਜੀਵਾਂ ਦੀ ਉਤਪਤੀ ਤੇ ਨਾਸ ਆਪ ਤੋਂ ਹੁੰਦਾ ਹੈ, ਅਤੇ ਆਪ ਦੇ ਅਨਾਸ਼ੀ ਹੋਣ ਦੀ ਬੜਾਈ ਭੀ ਸੁਣੀ॥2 ॥

ਹੇ ਪਰਮੇਸ਼੍ਵਰ ! ਆਪ ਆਪਣੇ ਆਪਨੂੰ ਜੇਹੋ ਜੇਹਾ ਆਖਦੇ ਹੋ ਇਹ ਅਜੇਹਾ ਹੀ ਹੈ । ਹੇ ਪੁਰਸ਼ੋਤਮ ! ਮੈਂ ਆਪ ਦੇ ਸੁਰੂਪ ਨੂੰ ਸਾਰੇ ਐਸਚਰਯਾਂ ਸਹਿਤ ਦੇਖਣਾ ਚਾਹੁੰਦਾ ਹਾਂ॥3॥

ਹੇ ਪ੍ਰਭੋ ! ਜੇਕਰ ਮੈਂ ਉਸ ਸਰੂਪ ਦੇ ਦੇਖਣ ਦੇ ਯੋਗ ਹਾਂ ਤਾਂ ਹੇ ਯੋਗੀਸ਼ਵਰ ! ਉਹ ਆਪਣਾ ਅਵਿਨਾਸ਼ੀ ਸੁਰੂਪ ਮੈਨੂੰ ਦਿਖਾਵੋ॥4॥

ਸ੍ਰੀ ਭਗਵਾਨ ਬੋਲੇ :-

ਹੇ ਪਾਰਥ ! ਮੇਰੇ ਸੈਂਕੜੇ ਹਜ਼ਾਰਾਂ[72] ਭਾਂਤ ਭਾਂਤ ਦੇ ਨਾਨਾ ਵਰਣ ਅਤੇ ਅਕਾਰਾਂ ਵਾਲੇ ਅਲੌਕਿਕ ਰੂਪਾਂ ਨੂੰ ਤੂੰ ਦੇਖੁ॥5॥

ਹੇ ਭਾਰਤ ! ਅਨੇਕ ਸੂਰਜ, ਵਸੂ, ਰੁਦਰ, ਅਸ਼੍ਵਨੀ ਅਤੇ ਮਰੁਤ ਦੇਖੁ । ਅਨੇਕ ਅਸਚਰਯ ਰੂਪਾਂ ਨੂੰ ਦੇਖੁ ਜੋ ਪਹਿਲਾਂ ਕਦੇ ਨਹੀਂ ਦੇਖੇ॥6॥

ਹੇ ਗੁੜਾਕੇਸ਼ ? ਹੁਣ ਇਸ ਮੇਰੇ ਸਰੀਰ ਵਿਚ ਚਰਾਚਰ ਸਾਰੇ ਜਗਤ ਨੂੰ ਇਕ ਥਾਂ ਇਕੱਠਾ ਦੇਖੁ । ਹੋਰ ਭੀ ਜੋ ਕੁਛ ਦੇਖਣ ਦੀ ਚਾਹ ਕਰਦਾ ਹੈਂ, ਸੋ ਦੇਖੁ॥7॥

ਪ੍ਰੰਤੂ ਤੂੰ ਇਨ੍ਹਾਂ ਅੱਖਾਂ ਨਾਲ ਉਹ ਨਹੀਂ ਦੇਖ ਸਕਦਾ, ਇਸ ਲਈ ਮੈਂ ਤੈਨੂੰ ਦਿਵਯ ਦ੍ਰਿਸ਼ਟੀ ਦਿੰਦਾ ਹਾਂ, ਉਸ ਨਾਲ ਤੂੰ ਮੇਰੇ ਪ੍ਰਭਾਵ ਅਤੇ ਯੋਗ ਸ਼ਕਤੀ ਨੂੰ ਦੇਖੁ॥8॥

---

[72] ਹਜ਼ਾਰਾਂ=ਅਨੰਤ ।

ਸੰਜਯ ਉਵਾਚ :-

ਹੇ ਰਾਜਨ ! ਇਉਂ ਕਹਿਕੇ ਫੇਰ ਮਹਾਂ ਯੋਗੀਸ਼੍ਵਰ ਹਰੀ ਨੇ ਆਪਣਾ ਵਿਸ਼੍ਵ ਰੂਪ ਪਾਰਥ ਨੂੰ ਦਿਖਾਇਆ॥9॥

ਅਨੇਕ ਮੂੰਹ, ਅਨੇਕ ਅਖਾਂ, ਅਨੇਕ ਅਧਭੁਤ ਦਰਸ਼ਨ, ਅਨੇਕ ਪ੍ਰਕਾਰ ਦੇ ਭੂਸਣ ਅਤੇ ਸ਼ਸਤ੍ਰ॥10॥

ਦਿਵਯ ਮਾਲਾ ਤੇ ਅਲੋਕਿਕ ਕਪੜੇ ਪਾਏ ਹੋਏ, ਅਲੌਕਿਕ ਸੁਗੰਧੀ ਲੱਗੇ ਹੋਏ, ਸਭ ਪ੍ਰਕਾਰ ਅਸਚਰਯਾਂ ਸਹਿਤ, ਈਸ਼੍ਵਰ ਅਨਤ ਦੇਵ, ਸਾਰੇ ਪਾਸੇ ਜਿਸਦੇ ਮੂੰਹ ਹਨ॥11॥

ਜਿਵੇਂ ਅਕਾਸ਼ ਵਿਚ ਹਜ਼ਾਰਾਂ ਸੂਰਜਾਂ ਦੇ ਇਕੇ ਵਾਰ ਚੜਨ ਦਾ ਪ੍ਰਕਾਸ਼ ਹੋਵੇ ਤਾਂ ਸ਼ਾਇਦ ਉਸ ਮਹਾਤਮਾ ਦੇ ਕੁਛ ਤੇਜ ਵਰਗਾ ਹੋਵੇ॥12॥

ਤਦ ਅਰਜਨ ਨੇ ਦੇਵਾਦਿ ਦੇਵ ਦੇ ਓਥੇ ਖੜੇ ਇਕ ਸਰੀਰ ਵਿਚ ਸਾਰੇ ਜਗਤ ਨੂੰ ਸਾਰੇ ਅੰਗਾਂ ਵਿਚ ਦੇਖਿਆ॥13॥

ਤਦ ਅਸਚਰਯ ਹੋਕੇ ਸਰੀਰ ਦੇ ਲੂੰ ਖੜੇ ਹੋਏ ਹੋਏ ਅਰਜਨ ਨੇ ਹੱਥ ਜੋੜਿ ਸਿਰੁ ਨਿਵਾਕੇ ਕਿਹਾ॥14॥

ਅਰਜਨ ਉਵਾਚ :-

ਹੇ ਦੇਵ ! ਮੈਂ' ਆਪਦੀ ਦੇਹਿ ਵਿਚ ਸਾਰੇ ਦੇਵਤਿਆਂ ਨੂੰ ਸਭ ਜੀਵਾਂ ਨੂੰ ਅਨੇਕ ਸ਼ਕਲਾਂ ਵਿਚ, ਕਮਲ ਆਸਣ ਤੇ ਬੈਠੇ ਹੋਏ ਬ੍ਰਹਮਾ ਨੂੰ ਜੋ ਪ੍ਰਜਾ ਦਾ ਈਸ਼੍ਵਰ ਹੈ, ਸਾਰੇ ਰਿਸ਼ੀਆਂ ਨੂੰ ਅਤੇ ਦਿਵਯ ਸੱਪਾਂ ਨੂੰ ਦੇਖਦਾ ਹਾਂ॥15॥

ਹੇ ਵਿਸ਼੍ਵੇਸ਼੍ਵਰ ! ਅਨੇਕ ਮੂੰਹ, ਅਨੇਕ ਅੱਖਾਂ, ਅਨੇਕ ਬਾਹਾਂ ਨਾਲ ਮੈਂ ਆਪ ਨੂੰ ਹਰ ਜਗਾ ਅਨੰਤ ਰੂਪਾਂ ਵਿਚ ਦੇਖਦਾ ਹਾਂ । ਨਾ ਆਪ ਦਾ ਆਦਿ ਹੈ ਨਾ ਮੱਧ ਹੈ ਨਾ ਅੰਤ ਹੈ । ਸਾਰਾ ਵਿਸ਼੍ਵ ਆਪ ਦਾ ਰੂਪ ਦੇਖਦਾ ਹਾਂ॥16॥

ਮੈਂ ਆਪ ਨੂੰ ਮੁਕਟ, ਗਦਾ ਅਤੇ ਚੱਕਰ ਧਾਰਨ ਕੀਤੇ ਹੋਏ ਦੇਖਦਾ ਹਾਂ, ਆਪ ਤੇਜ ਪੁੰਜ ਅਤੇ ਚੁਫੇਰੇ ਪ੍ਰਕਾਸ਼ ਮਾਨ ਹੋ । ਲਾਟਾਂ ਛੱਡ ਰਹੀ ਅੱਗ ਅਤੇ ਸੂਰਜ ਵਾਂਗ ਆਪ ਦਾ

ਪ੍ਰਕਾਸ਼ ਹੈ ਜੋ ਕੇ ਦੇਖਣਾ ਮੁਸ਼ਕਲ ਹੈ, ਅਤੇ ਜੋ ਅਕਾਸ਼ ਵਿਚ ਹਰ ਪਾਸੇ ਅਪ੍ਰਮੇਯ ਹੋ ਕੇ ਫੈਲ ਰਿਹਾ ਹੈ॥17॥

ਆਪ ਹੀ ਨਾ ਨਾਸ ਹੋਣ ਵਾਲੇ, ਜਾਣਨੇ ਯੋਗ ਆਪ ਹੀ ਹੋ, ਆਪ ਹੀ ਸੰਸਾਰ ਦੇ ਪਰਮ ਆਧਾਰ ਹੋ, ਆਪ ਹੀ ਸਨਾਤਨ-ਧਰਮ ਦੇ ਰਾਖੇ, ਅਬਿਨਾਸ਼ੀ ਅਤੇ ਸਨਾਤਨ ਪੁਰਸ਼ ਆਪ ਹੀ ਹੈ । ਮੈਂ ਐਸਾ ਜਾਣ ਰਿਹਾ ਹਾਂ॥18॥

ਆਪ ਦਾ ਆਦਿ ਮੱਧ ਅੰਤ ਨਹੀਂ, ਅਨੰਤ ਸ਼ਕਤੀ, ਅਨੰਤ ਬਾਹਾਂ ਸੂਰਜ ਚੰਦ ਆਪ ਦੀਆਂ ਅੱਖਾ ਹਨ, ਪ੍ਰਕਾਸ਼ ਮਾਨ ਅਗਨੀ ਆਪ ਦੇ ਮੂੰਹ ਵਿਚ ਦੇਖਦਾ ਹਾਂ, ਅਤੇ ਆਪ ਦੇ ਤੇਜ ਕਰਕੇ ਇਸ ਸਾਰੇ ਸਗਤ ਨੂੰ ਤਪਦਾ ਦੇਖਦਾ ਹਾਂ॥19॥

ਹੇ ਮਹਾਤਮਨ ! ਅਕਾਸ਼ ਧਰਤੀ ਤੇ ਇਨ੍ਹਾਂ ਦੇ ਵਿਚਕਾਰ ਚਾਰੋਂ ਤਰਫ ਮੰ ਆਪ ਨੂੰ ਹੀ ਵਿਆਪਕ ਦੇਖਦਾ ਹਾਂ । ਆਪ ਦੇ ਇਸ ਅਧਭੁਤ ਨੇ ਉੱਗ੍ਰ ਰੂਪ ਨੂੰ ਦੇਖਕੇ ਤ੍ਰਿਲੋਕੀ ਭੈ ਭੀਤ ਹੋਈ ਕੰਬ ਰਹੀ ਹੈ॥20॥

ਦੇਵਤਿਆਂ ਦੇ ਸਮੂਹ ਆਪ ਦੀ ਸ਼ਰਣ ਆਉਂਦੇ ਹਨ । ਕਈ ਭੈ ਭੀਤ ਹੋਏ ਹੋਏ ਹਥ ਜੋੜ ਕੇ ਪ੍ਰਾਰਥਨ ਕਰ ਰਹੇ ਹਨ। ਮਹਿਰਿਸ਼ੀ ਅਤੇ ਸਿੱਧਾਂ ਦੇ ਝੁੰਡ 'ਸੁਅਸਤੀ' ਕਹਿਕੇ ਅਨੇਕ ਪ੍ਰਕਾਰ ਨਾਲ ਆਪ ਦੀ ਉਸਤਤੀ ਕਰਦੇ ਹਨ॥21॥

ਸਾਰੇ ਰੁਦਰ, ਵਸੂ, ਸਾਧ, ਵਿਸ਼ੂਦੇਵ, ਅਸੂਨੀ ਕੁਮਾਰ, ਮਰੁਤ, ਉਸ਼ਮਪਾ, ਗੰਧਰਵ ਯੱਖ ਰਾਖਸ਼ ਤੇਸਿੱਧ ਇਹ ਸਭ ਵਿਸਮਤ ਹੋਏ ਹੋਏ ਆਪ ਵਲ ਦੇਖ ਰਹੇ ਹਨ ॥22॥

ਹੇ ਮਹਾਂਬਾਹੋ ! ਆਪ ਦੇ ਬਹੁਤ ਮੂੰਹ, ਅੱਖਾਂ, ਬਾਹਾਂ, ਪੈਰ ਅਤੇ ਪੇਟ ਹਨ। ਬਹੁਤ ਦਾੜ੍ਹਾਂ ਨਾਲ ਆਪ ਦਾ ਰੂਪ ਬੜਾ ਵਿਕਰਾਲ ਦਿਸਦਾ ਹੈ, ਇਸ ਮਹਾਂਨ ਰੂਪ ਨੂੰ ਦੇਖਕੇ ਸਭ ਲੋਕ ਵਿਆਕੁਲ ਹੋ ਰਹੇ ਹਨ ਅਤੇ ਮੈਂ ਭੀ ਭੈ ਭੀਤ ਹੋ ਰਿਹਾ ਹਾਂ॥23॥

ਆਪ ਦਾ ਅਕਾਸ਼ ਨੂੰ ਛੂਹੰਦਾਂ ਹੋਇਆ ਸਿਰੁ,ਅਨੇਕ ਰੰਗਾਂ ਨਾਲ ਪ੍ਰਕਾਸ਼ਮਾਨ ਸਰੀਰ, ਬੜਾ ਵਿਸ਼ਾਲ ਮੂੰਹ ਅਤੇ ਬੜੇ ਬੜੇ ਅਗਨੀ ਵਾਂਗ ਜਲਦੇ ਹੋਏ ਨੇਤ੍ਰ ਹਨ, ਇਸ ਰੂਪ ਨੂੰ ਦੇਖਕੇ ਮੇਰਾ ਆਤਮਾ ਕੰਬ ਰਿਹਾ ਹੈ। ਹੇ ਵਿਸ਼ਨੂੰ ! ਮੇਰੀ ਸ਼ਾਂਤੀ ਅਤੇ ਬਲ ਦੂਰ ਹੋ ਗਏ ਹਨ॥24॥

ਕਾਲ ਅਗਨੀ ਵਰਗੇ ਬੜੇ ਬੜੇ ਵਿਕਰਾਲ ਦੰਦਾਂ ਵਾਲੇ ਆਪਦੇ ਮੂੰਹ ਨੂੰ ਦੇਖਕ ਮੈਂ ਬੜਾ ਡਰ ਗਿਆ ਹਾਂ । ਮੈਨੂੰ ਦਿਸ਼ਾਵਾਂ ਦਾ ਭੀ ਪਤਾ ਨਹੀਂ ਰਿਹਾ, ਨਾ ਮੈਨੂੰ ਸ਼ਾਂਤੀ ਆਉਂਦੀ ਹੈ, ਇਸ ਲਈ ਹੇ ਦੇਵਤਿਆਂ ਦੇ-ਸੁਆਮੀ ! ਹੇ ਜਗਤ ਦੇ ਆਸਰੇ ! ਮੇਰੇ ਉਤੇ ਕ੍ਰਿਪਾ ਕਰੋ॥25॥

ਸਭ ਰਾਜਿਆਂ ਦੇ ਸਮੂਹ ਸਮੇਤ ਧ੍ਰਿਤਰਾਸ਼ਟ ਦੇ ਪੁਤੱਰ, ਭੀਸ਼ਮ, ਦ੍ਰੋਣਾਚਾਰਯ, ਕਰੁਣ ਅਤੇ ਸਾਡੀ ਵਲ ਦੇ ਭੀ ਬੜੇ ਬੜੇ ਯੋਧਾ, ਇਹ ਸਭ ਆਪ ਦੇ ਵਿਕਰਾਲ ਦੰਦਾਂ ਵਾਲੇ ਮੂੰਹ ਵਿਚ ਜਲਦੀ ਜਲਦੀ ਪੈ ਰਹੇ ਹਨ। ਅਨੇਕਾਂ ਦੇ ਸਿਰ ਆਪ ਦੇ ਦੰਦਾਂ ਵਿਚ ਪਿਸ ਗਏ ਹਨ, ਅਤੇ ਓਥੇ ਹੀ ਉਲਝ ਰਹੇ ਹਨ॥26, 27॥

ਜਿਵੇਂ ਸਭ ਨਦੀਆਂ ਸਮੁੰਦਰ ਵਲ ਨੂੰ ਹੀ ਦੌੜਦੀਆਂ ਹਨ, ਤਿਵੇਂ ਹੀ ਇਹ ਸਭ ਸੂਰਮੇ ਆਦਮੀਆਂ ਦੇ ਟੋਲੇ ਆਪ ਦੇ ਮੂੰ ਹ -ਜੋ ਜਲਦੀ ਹੋਈ ਅੱਗ ਵਰਗੇ ਹਨ—ਉਨ੍ਹਾਂ ਵਿਚ ਆਪ ਹੀ ਦੌੜ ਦੌੜ ਕੇ ਪੈ ਰਹੇ ਹਨ॥28॥

ਜਿਵੇਂ ਭਭੱਕੜ ਲਾਂਟਾਂ ਛੱਡ ਰਹੀ ਅੱਗ ਵਿਚ ਆਪਣੇ ਆਪ ਨੂੰ ਨਾਸ਼ ਕਰਨ ਹਿਤ ਸਿੱਟ ਦਿੰਦੇ ਹਨ, ਤਿਵੇਂ ਹੀ ਇਹ ਸਭ ਲੋਕ ਆਪਣੇ ਨਾਸ਼ ਲਈ ਆਪ ਦੇ ਮੂੰਹ ਵਿਚ ਪੈ ਰਹੇ ਹਨ॥29॥

ਹੇ ਵਿਸ਼ਨੂੰ ! ਆਪ ਆਪਣੇ ਪ੍ਰਜੂਲਤ ਮੂੰਹ ਨਾਲ ਸਭ ਨੂੰ ਚੁਫੇਰਿਓਂ ਗ੍ਰਸਦੇ ਹੋਏ ਚੱਟਦੇ ਜਾਂਦੇ ਹੋ, ਅਤੇ ਆਪ ਦਾ ਤੇਜ ਜੋ ਸਭ ਜਗਾ ਫੈਲ ਰਿਹਾ ਹੈ, ਉਸ ਦੇ ਤੇਜ਼ ਪ੍ਰਕਾਸ਼ ਨਾਲ ਸਾਰਾ ਜਗਤ ਤਪ ਰਿਹਾ ਹੈ॥30॥

ਅਜੇਹੇ ਉੱਗ੍ਰ ਰੂਪ ਵਾਲੇ ਆਪ ਕੌਣ ਹੋ ? ਸੋ ਕਹੋ ! ਮੈਂ ਨਮਸਕਾਰ ਕਰਦਾ ਹਾਂ। ਹੇ ਦੇਵ 1 ਕ੍ਰਿਪਾ ਕਰੋ, ਮੈਂ ਆਪ ਜੀ ਪ੍ਰਵਿਰਤੀ ਨਹੀਂ ਜਾਣ ਸਕਦਾ, ਇਸ ਲਈ ਮੈਂ ਆਪ ਦੇ ਜਾਣਨ ਦੀ ਇੱਛਾ ਕਰਦਾ ਹਾਂ॥31॥

ਸ੍ਰੀ ਭਗਵਾਨ ਬੋਲੇ :-

ਮੈਂ ਸਾਰੇ ਲੋਕਾਂ ਦੇ ਮਾਰਨ ਵਾਲਾ ਕਾਲ ਹਾਂ । ਮੈਂ ਇਨ੍ਹਾਂ ਲੋਕਾਂ ਦਾ ਸੰਘਾਰ ਕਰਨ ਲਈ ਹੀ ਪ੍ਰਵਿਰਤ ਹੋਇਆ ਹਾਂ । ਇਹ ਸਭ ਬੜੇ ਬੜੇ ਯੋਧੇ ਜੋ ਯੁੱਧ ਲਈ ਖੜੇ ਹਨ, ਕੇਵਲ ਤੇਰੇ ਬਿਨਾ ਇਨ੍ਹਾਂ ਵਿਚੋਂ ਇਕ ਭੀ ਨਹੀਂ ਬਚੇਗਾ॥32॥

ਇਸ ਲਈ ਤੂੰ ਖੜਾ ਹੋ, ਜਸ ਲੈ, ਆਪਣੇ ਵੈਰੀਆਂ ਨੂੰ ਜੱਤਕੇ ਇਸ ਬੜੇ ਰਾਜ ਨੂੰ ਭੋਗ, ਇਨ੍ਹਾਂ ਸਭਨਾ ਨੂੰ ਮੈਂ ਜਿੱਤ ਚੁੱਕਿਆ ਹਾਂ, ਤੂੰ ਕੇਵਲ ਨਮਿੱਤ ਮਾਤ੍ਰ ਇਨ੍ਹਾਂ ਦੇ ਮਾਰਨ ਦਾ ਕਾਰਣ ਹੈ ।। 33॥

ਦ੍ਰੋਣ, ਭੀਸ਼ਮ, ਜੈਦ੍ਰਥ ਕਰੁਣ ਅਤੇ ਹੋਰ ਸਾਰੇ ਸੂਰਬੀਰ ਮੇਰੇ ਹੀ ਮਾਰੇ ਹੋਏ ਹਨ,ਤੂੰ ਨਿਰਭੈ ਹੋ ਕੇ ਯੁੱਧ ਕਰੁ, ਇਨ੍ਹਾਂ ਨੂੰ ਮਾਰੁ । ਤੂੰ ਆਪਣੇ ਵੈਰੀਆਂ ਨੂੰ ਜਿੱਤੇਗਾ॥34॥

ਸੰਜਯ ਉਵਾਚ :-

ਕੇਸ਼ਵ ਦੇ ਇਹ ਬਚਨ ਸੁਣਕੇ, ਮੁਕਟ ਧਾਰੀ ਅਰਜਨ ਹਥ ਜੋੜਿ ਕਬੰਦਾ ਹੋਇਆ, ਨਮਸਕਾਰ ਕਰਕੇ ,ਫਿਰ ਭੈ ਭੀਤ ਹੋਇਆ ਹੋਇਆ ਪ੍ਰਣਾਮ ਕਰਕੇ ਸ੍ਰੀ ਕ੍ਰਿਸ਼ਨ ਜੀ ਨੂੰ ਗਲਾ ਭਰੀ ਕਈ ਆਵਾਜ਼ ਨਾਲ ਬੋਲਿਆ॥35॥

ਹੇ ਰਿਸ਼ੀਕੇਸ਼ ! ਇਹ ਸਭ ਜਗਤ ਠੀਕ ਆਪ ਦਾ ਜਸ ਗਾਉਂਦਾ ਹੋਇਆ ਖੁਸ਼ੀ ਅਤੇ ਅਨੰਦ ਨੂੰ ਪ੍ਰਾਪਤ ਹੁੰਦਾ ਹੈ । ਰਾਖਸ਼ ਭੈ ਭੀਤ ਹੋ ਕੇ ਪਾਸਿਆਂ ਨੂੰ ਭੱਜ ਰਹੇ ਹਨ ਅਤੇ ਸਭ ਸਿੱਧ ਗਣ ਆਪ ਨੂੰ ਮਸਕਾਰ ਕਰ ਰਹੇ ਹਨ॥36॥

ਹੇ ਮਹਾਤਮਨ ! ਹੇ ਅਨੰਤ ! ਹੇ ਦੇਵੇਸ਼! ਹੇ ਜਗਤ ਦਾ ਆਸਰਾ ! ਇਹ ਸਾਰੇ ਨਮਸਕਾਰ ਕਰਨ ? ਆਪ ਤਾਂ ਬ੍ਰਹਮਾਂ ਤੋਂ ਪਰੇ, ਉਸ ਦੇ ਵੀ ਆਦਿ ਕਰਤਾ ਸੱਤ ਅਸੱਤ ਪਰਮ ਅਤੇ ਅਵਿਨਾਸ਼ੀ ਹੋ॥37॥

ਆਪ ਆਦਿ ਦੇਵ ! ਪੁਰਸ਼ ਸਨਾਤਮ, ਵਿਸ਼੍ਵਦੇਵ ਪਰਮ ਆਸਰਾ ਗਿਆਤਾ ਅਤੇ ਜਾਣਨੇ ਯੋਗ ਆਪ ਹੀ ਹੋ । ਆਪ ਹੀ ਪਰਮ ਧਾਮ ਹੋ, ਅਤੇ ਇਹ ਸਾਰਾ ਵਿਸ਼ ਆਪ ਦੇ ਅਨੰਤ ਰੂਪ ਵਿਚ ਵਸ ਰਿਹਾ ਹੈ॥38॥

ਵਾਯੂ, ਯਮ, ਅਗਨੀ, ਵਰੁਣ, ਚੰਦ੍ਰਮਾ, ਬ੍ਰਹਮਾ ਅਤੇ ਪਿਤਾਮਾ ਭੀ ਆਪ ਹੀ ਹੋ, ਆਪ ਨੂੰ ਹਜ਼ਾਰ ਬਾਰ ਨਮਸਕਾਰ ਹੈ, ਆਪ ਨੂੰ ਫੇਰ ਭੀ ਬਾਰ ਬਾਰ ਨਮਸਕਾਰ ਹੈ॥39॥

ਹੇ ਅਨੰਤ ਸਮਰੱਥਾ ਵਾਲੇ ਤੇ ਅਮਿਤ ਬਲ ਵਾਲੇ । ਹੇ ਸਰਵ ਆਪ ਨੂੰ ਸਾਮ੍ਹ ਣਿਓ, ਪਿਛਲੇ ਪਾਸਿਓਂ ਤੇ ਚੁਫੇਰਿਓਂ ਨਮਸਕਾਰ ਹੈ । ਆਪ ਸਭ ਵਿਚ ਵਿਆਪਕ ਹੋ ਤੇ ਆਪ ਹੀ ਸਰਵ ਹੋ॥40॥

ਮੈਂ ਆਪ ਦੀ ਬੜਾਈ ਨਾ ਜਾਣਦਾ ਹੋਇਆ, ਆਪਣਾ ਸਖਾ ਜਾਣਕੇ ਅਤੇ ਸਨੇਹ ਬਸ ਹੋ ਬੇ-ਅਦਬੀ ਨਾਲ 'ਹੇ ਕ੍ਰਿਸ਼ਨ ! ਹੇ ਯਾਦਵ ! ਹੇ ਸਖਾ !" ਕਹਿਕੇ ਬੁਲਾਇਆ॥41॥

ਹੇ ਅਚੁੱਤ ! ਖੇਲਣ ਵਿਚ, ਸੌਣ ਵਿਚ, ਬੈਠਣ ਵਿਚ, ਖਾਣਾਂ ਖਾਂਦਿਆ, ਇਕੱਲਿਆ ਯਾ ਬਹੁਤ ਲੋਕਾਂ ਵਿਚ ਜੋ ਮੈਂ ਆਪ ਦਾ ਅਨਾਦਰ ਕੀਤਾ, ਹੈ ਅਪ੍ਰਮੇਯ ! ਮੈਂ ਉਸ ਦੀ ਖਿਮਾ ਮੰਗਦਾ ਹਾਂ॥42॥

ਆਪ ਇਸ ਚਰਾਚਰ ਜਗਤ ਦੇ ਪਿਤਾ ਹੋ, ਆਪ ਹੀ ਪੂਜਨੀਯ ਅਤੇ ਗੁਰੂ ਤੋਂ ਭੀ ਵੱਡੇ ਹੋ । ਤ੍ਰੈ ਲੋਕੀ ਵਿਚ ਆਪ ਜੇਹਾ ਕੋਈ ਨਹੀਂ ਤਾਂ ਆਪ ਤੋਂ ਵਧੀਕ ਕੌਣ ਹੋ ਸਕਦਾ ਹੈ ?॥43॥

ਇਸ ਲਈ ਮੈਂ ਆਪ ਦੇ ਸਾਮ੍ਹਣੇ ਅਸ਼ਟਾਂਗ ਡੰਡਉਤ ਕਰਦਾ ਹਾਂ, ਮੇਰੇ ਤੇ ਕ੍ਰਿਪਾ ਕਰੋ ਜਿਵੇਂ ਪਿਤਾ ਪੁਤ੍ਰ ਨਾਲ, ਮਿਤ੍ਰ ਮਿਤ੍ਰ ਨਾਲ, ਪਿਆਰਾ ਪਿਆਰੇ ਨਾਲ ਵਰਤਦਾ ਹੈ, ਹੇ ਦੇਵ ਉਸੀ ਤਰਾਂ ਮੇਰੇ ਨਾਲ ਵਰਤੋ॥44॥

ਮੈਂ ਉਹ ਦਰਸ਼ਨ ਕੀਤਾ ਹੈ, ਜੋ ਕਦੀ ਕਿਸੀ ਦੇ ਦੇਖਨਾਂ ਨਸੀਬ ਨਹੀਂ ਹੋਇਆ। ਮੇਰਾ ਚਿੱਤ ਪ੍ਰਸੱਨ ਹੈ, ਪਰ ਭੈ ਭੀਤ ਭੀ ਹੈ । ਹੇ ਦੇਵ ! ਮੈਨੂੰ ਓਹੋ ਹੀ ਆਪਣਾ ਰੂਪ ਦਿਖਾਓ ਹੇ ਦੇਵੇਸ਼ ! ਹੇ ਜਗਨ ਨਿਵਾਸ ! ਦਯਾ ਕਰੋ॥45॥

ਹੇ ਸਹੱਸਰ ਬਾਹੋ ! ਹੇ ਵਿਸ਼੍ਵ ਮੂਰਤੇ ! ਮੈਂ ਆਪ ਨੂੰ ਫਿਰ ਓਸੇ ਤਰਾਂ ਸਿਰ ਉੱਤੇ ਮੁਕਟ ਤੇ ਹੱਥਾਂ ਵਿਚ ਗਦਾ ਤੇ ਚੱਕਰ ਧਾਰਨ ਕੀਤੇ ਹੋਏ ਦੇਖਣਾ ਚਾਹੁੰਦਾ ਹਾਂ, ਉਹੋ ਹੀ ਆਪਣਾ ਚਤੁਰ ਭੁਜ ਰੂਪ ਧਾਰਨ ਕਰੋ॥46॥

ਸ੍ਰੀ ਭਗਵਾਨ ਉਵਾਚ :-

ਹੇ ਅਰਜਨ ! ਤੇਰੇ ਉੱਤੇ ਪ੍ਰਸੱਨ ਹੋ ਕੇ ਮੈਂ ਆਪਣੇ ਆਤਮ ਯੋਗ ਨਾਲ ਤੇਜ-ਮਈ ਅਨੰਤ ਅਤੇ ਆਦਿ ਵਿਸ਼੍ਵ ਰੂਪ ਦਿਖਾਇਆ ਹੈ, ਜੋ ਤੇਰੇ ਸਿਵਾ ਪਹਿਲੇ ਕਿਸੇ ਨੇ ਨਹੀਂ ਦੇਖਿਆ॥47॥

ਹੇ ਕੁਰੂ ਪ੍ਰਵੀਰ ! ਮਨੁੱਖ ਲੋਕ ਵਿਚ ਮੇਰੇ ਇਸ ਸਰੂਪ ਨੂੰ ਤੇਰੇ ਸਿਵਾ, ਕੋਈ ਵੇਦਾਂ ਨੂੰ ਜਾਣਕੇ, ਯੱਗ ਕਰਕੇ ਦਾਨੀ ਕਰਮ ਕਾਂਡੀ ਯਾ ਉਗ੍ਰ ਤਪ ਕਰਕ ਭੀ ਦੇਖਣਾ ਚਾਹੇ ਤਾਂ ਨਹੀਂ ਦੇ ਸਕਦਾ॥48॥

ਮੇਰੇ ਘੋਰ ਰੂਪ ਨੂੰ ਦੇਖਕੇ ਤੂੰ ਨਾ ਘਬਰਾਂ, ਨਾ ਡਰੁ, ਭੈ ਤਿਆਗ ਕੇ ਪ੍ਰਸੰਨ ਚਿਤ ਹੋ, ਫੇਰ ਮੇਰੇ ਪਹਿਲੇ ਰੂਪ ਨੂੰ ਦੇਖੁ॥49॥

ਸੰਜਯ ਉਵਾਚ-

ਸ੍ਰੀ ਵਾਸੁ ਦੇਵ ਨੇ ਇਹ ਕਹਿਕੇ ਅਰਜਨ ਨੂੰ ਪਹਿਲਾ ਸਰੂਪ ਦਿਖਾਇਆ। ਅਰਜਨ ਨੂੰ ਭੈ ਭੀਤ ਦੇਖਕੇ ਫੇਰ ਮਹਾਤਮਾ ਭਗਵਾਨ ਨੇ ਸੁੰਦਰ ਰੂਪ ਧਾਰਕੇ ਉਸ ਨੂੰ ਤਸੱਲੀ ਦਿਤੀ॥50॥

ਅਰਜਨ ਉਵਾਰ-

ਹੇ ਜਨਾਰਦਨ ! ਆਪ ਦੇ ਇਸ ਸੁੰਦਰ ਮਨੁੱਖ ਰੂਪ ਨੂੰ ਦੇਖਕੇ ਪ੍ਰਸੰਨ ਚਿੱਤ ਹੋ ਗਿਆ ਹਾਂ ਅਤੇ ਮੈਂ ਫੇਰ ਆਪਣੇ ਆਪ ਵਿਚ ਆ ਗਿਆ ਹਾਂ॥51॥

ਸ੍ਰੀ ਭਗਵਾਨ ਬੋਲੇ :-

ਇਹ ਮੇਰਾ ਰੂਪ ਜੋ ਤੈਂ ਦੇਖਿਆ ਹੈ, ਇਸ ਦਾ ਦਰਸ਼ਨ ਕਠਨ ਹੈ । ਦੇਵਤੇ ਭੀ ਇਸ ਰੂਪ ਦਾ ਦਰਸ਼ਨ ਕਰਨ ਨੂੰ ਸਦਾ ਲੋਚਦੇ ਹਨ॥52॥

ਜਿਸ ਰੂਪ ਵਿਚ ਤੈਂ ਮੈਨੂੰ ਦੇਖਿਆ ਹੈ, ਇਹ ਵੇਦ ਤਪ, ਦਾਨ, ਯੱਗ ਨਾਲ ਨਹੀਂ ਦੇਖਿਆ ਜਾ ਸਕਦਾ॥53॥

ਹੇ ਪਰੰਤਪ ! ਹੇ ਅਰਜਨ ! ਇਸ ਤਰ੍ਹਾਂ ਕੇਵਲ ਅਨੰਨ ਭਗਤੀ ਕਰਕੇ ਹੀ ਮੇਰੇ ਵਿਚ ਪ੍ਰਵੇਸ਼ ਹੋ ਸਕਦਾ ਹੈ ਅਤੇ ਮੇਰਾ ਤੱਤ ਰੂਪ ਜਾਣਿਆ ਤੇ ਦੇਖਿਆ ਜਾ ਸਕਦਾ ਹੈ॥54॥

ਹੇ ਪਾਂਡਵ ! ਜੋ ਮੇਰੇ ਹੀ ਨਮਿੱਤ ਸਭ ਕਰਮ ਕਰਦਾ ਹੈ, ਮੈਨੂੰ ਹੀ ਆਪਣਾ ਪਰਮ ਜਾਣਦਾ ਹੈ, ਕੇਵਲ ਮੇਰਾ ਹੀ ਭਗਤ ਹੈ, ਸੰਗ ਤੋਂ ਰਹਿਤ ਅਤੇ ਸਭ ਜੀਵਾਂ ਨਾਲ ਨਿਰਵੈਰ ਹੈ, ਉਹ ਮੈਨੂੰ ਪ੍ਰਾਪਤ ਹੁੰਦਾ ਹੈ॥55॥

ਇਤਿ ਸ੍ਰੀ ਵਿਸ਼ੂ
ਰੂਪ ਦਰਸ਼ਨ ਯੋਗ ਵਰਣਨ
ਨਾਮ ਗਿਆਰਵਾਂ ਅਧਯਾਯ॥

-0-

## ਬਾਰ੍ਹਵੇਂ ਅਧਯਾਯ ਦਾ ਸਾਰ

ਅਰਜਨ ਭਗਵਾਨ ਅਗੇ ਪ੍ਰਸ਼ਨ ਕਰਦਾ ਹੈ ਕਿ ਅਵਯਕਤ ਬ੍ਰਹਮ ਦੀ ਉਪਾਸ਼ਨਾ ਅਥਵਾ ਧਿਆਨ ਉੱਤਮ ਯਾ ਆਸਾਨ ਹੈ ਕਿ ਵਯਕਤ ਈਸ੍ਵਰ ਦਾ ? ਉੱਤਰ ਵਿਚ ਭਗਵਾਨ ਅਰਜਨ ਨੂੰ ਫੁਰਮਾਉਂਦੇ ਹਨ, ਕਿ ਅਵਯਕਤ ਬ੍ਰਹਮ ਦਾ ਧਿਆਨ ਯਾ ਉਪਾਸਨਾ ਕਠਨ ਹੈ,ਦੇਹਿ ਧਾਰੀ ਵਾਸਤੇ ਵਯਕਤ ਅਰਥਾਤ ਈਸ੍ਵਰ ਦਾ ਕਿਸੇ ਰੂਪ ਵਿਚ ਧਿਆਨ ਤੇ ਉਪਾਸਨਾ ਕਰਨਾ ਸੁਖਾਲਾ ਹੈ। ਐਸੇ ਭਗਤਾਂ ਨੂੰ ਜਿਨ੍ਹਾਂ ਦਾ ਚਿੱਤ ਹੋਰ ਸਭ ਪਾਸਿਆਂ ਤੋਂ ਹਟਕੇ ਈਸ਼੍ਵਰ ਵਿਚ ਹੀ ਇਸਥਿਤ ਹੈ. ਭਗਵਾਨ ਬੜੀ ਜਲਦੀ ਜਨਮ ਮਰਨ ਤੋਂ ਨਿਵਿਰਤੀ ਦਿੰਦੇ ਹਨ । ਅੰਤ ਵਿਚ ਭਗਵਾਨ ਦੱਸਦੇ ਹਨ ਕਿ ਭਗਤ ਲਈ ਜਰੂਰੀ ਹੈ, ਉਹ ਕਿਸੇ ਨਾਲ ਦ੍ਵੈਸ਼ ਨਾ ਕਰੇ, ਸਰਵ ਦਾ ਮਿਤ੍ਰ ਹੋਵੇ, ਜਿਸ ਦਾ ਹਿਰਦਾ ਕਰੁਣਾਂ ਪੂਰਤ ਹੋਵੇ, ਜੋ ਨਿਰਮਮ ਤੇ ਨਿਰਹੰਕਾਰ ਹੋਵੇ, ਜੋ ਦੁਖ ਸੁਖ ਵਿਚ ਇਕ ਜੈਸਾ ਰਹਿਣ ਵਾਲਾ ਤੇ ਸਦਾ ਖਿਮਾ ਕਰਨ ਵਾਲਾ ਹੋਵੇ । ਜੋ ਸੰਤੋਖੀ ਹੈ ਤੇ ਜਿਸ ਦਾ ਆਪਣੇ ਤੇ ਕਾਬੂ ਹੈ। ਜਿਸ ਨੇ ਮਨ ਤੇ ਬੁੱਧੀ ਨੂੰ ਈਸ੍ਵਰ ਦੇ ਅਰਪਣ ਕੀਤਾ ਹੋਇਆ ਹੈ। ਜੋ ਅਭੈ ਹੈ, ਤੇ ਜਿਸ ਤੋਂ ਕੋਈ ਭੈ ਨਹੀਂ ਖਾਂਦਾ । ਜੋ ਹਰਸ਼, ਕ੍ਰੋਧ, ਭੈ ਅਤੇ ਵਾਸ਼ਨਾ ਤੋਂ ਰਹਿਤ ਹੈ । ਅੰਤ ਵਿਚ ਭਗਵਾਨ ਫੁਰਮਾਉਂਦੇ ਹਨ ਕਿ 'ਇਤਿ ਆਦਿਕ ਗੁਣਾਂ ਵਾਲਾ ਭਗਤ ਮੈਨੂੰ ਅਤੀ ਪਿਆਰਾ ਹੈ'।

-0-

## ਬਾਰ੍ਹਵਾਂ ਅਧਯਾਯ

ਅਰਜਨ ਉਵਾਚ-

ਇਸ ਤਰਾਂ ਜੋ ਆਪ ਦੇ ਸਗੁਣ ਰੂਪ ਵਿੱਚ ਚਿਤੁ ਇਸਥਿਤ ਕਰਕੇ ਆਪ ਨੂੰ ਭਜਦੇ ਹਨ ਅਤੇ ਜੋ ਅਨਾਸ਼ੀ ਅਵਯਕਤ ਬ੍ਰਹਮ ਰੂਪ ਨੂੰ ਹੀ ਧਿਆਉਂਦੇ ਹਨ, ਇਨ੍ਹਾਂ ਦੋਹਾਂ ਵਿਚੋਂ ਕਿਹੜਾ ਯੋਗੀ ਉੱਤਮ ਹੈ ?॥1॥

ਸ੍ਰੀ ਭਗਵਾਨ ਬੋਲੇ :-

ਜੋ ਮੇਰੇ ਵਿਚ ਮਨੁ ਲਾ ਕੇ ਸਦਾ ਸ਼੍ਰਧਾ ਨਾਲ ਮੇਰੇ ਵਿੱਚ ਹੀ ਧਿਆਨ ਲਗਾ ਕੇ ਮੇਰੀ ਉਪਾਸਨਾ ਕਰਦੇ ਹਨ, ਮੇਰੇ ਮਤ ਵਿਚ ਉਹ ਉੱਤਮ ਯੋਗੀ ਹਨ॥2॥

ਜੋ ਅਵਿਨਾਸ਼ੀ, ਅਨਿਰਦੇਸ਼[73] ਅਕਤ, ਸਰਵ ਵਿਆਪੀ, ਅਚਿੰਤ, ਕੂਟਸਥ[74] ਅਚੱਲ ਅਤੇ ਧ੍ਰੁਵ[75] ਦੀ ਉਪਾਸਨਾ ਕਰਦੇ ਹਨ॥3॥

ਸਭ ਇੰਦ੍ਰੀਆਂ ਨੂੰ ਰੋਕਿ ਅਤੇ ਕਾਬੂ ਕਰਕੇ ਸਭ ਨੂੰ ਬਰਾਬਰ ਸਮਝਦੇ, ਸਭ ਦੇ ਹਿੱਤ ਚਿੱਤ ਰਤਿ ਵਾਲੇ, ਇਹ ਭੀ ਮੈਨੂੰ ਪ੍ਰਾਪਤ ਹੁੰਦੇ ਹਨ॥4॥

ਜਿਨ੍ਹਾਂ ਦਾ ਚਿਤੁ ਮੇਰੇ ਅਵਯਕਤ ਰੂਪ ਵਿਚ ਲਗਦਾ ਹੈ, ਉਨ੍ਹਾਂ ਨੂੰ ਅਧਿਕ ਕਲੇਸ਼ ਹੁੰਦਾ ਹੈ, ਦੇਹਿ ਧਾਰੀਆਂ ਲਈ ਅਰਕਤ ਦੀ ਪ੍ਰਾਪਤੀ ਬੜੀ ਕਠਨ ਹੈ॥5॥

ਜੋ ਮੇਰੇ ਵਿਚ ਤੱਤਪਰ ਹੋ ਕੇ ਸਭ ਕਰਮਾਂ ਨੂੰ ਮੇਰੇ ਅਰਪਣ ਕਰਦੇ ਹਨ ਅਤੇ ਅਨੰਨਯ[76] ਯੋਗ ਦੁਆਰਾ ਧਿਆਨੁ ਕਰਦੇ ਹੋਏ ਮੇਰੀ ਉਪਾਸ਼ਨਾ ਕਰਦੇ ਹਨ॥6॥

---

[73]ਅਨਿਰਦਸ਼=ਜੋ ਕਹਿਣ ਵਿੱਚ, ਨਾ ਆਵੇ ਅਕਹਿ ।

[74]ਕੂਟਸਥ=ਮਾਯਾ ਪ੍ਰਪੰਚ ਦਾ ਸਾਖੀ ।

[75]ਦ੍ਰੁੱਧ ਵ=ਸਦਾ ਕਾਇਮ ।

[76] ਅਨਯ =ਕੇਵਲ ਏਕਾਗਰ ਚਿਤ ਹੋ ਕੇ ।

ਹੇ ਪਾਰਥ ! ਇਨ੍ਹਾਂ ਨੂੰ ਜਿਨ੍ਹਾਂ ਦਾ ਮਨੁ ਮੇਰੇ ਵਿਚ ਹੀ ਵਸਿਆ ਹੋਇਆ ਹੈ, ਇਸ ਮੌਤ ਰੂਪੀ ਸੰਸਾਰ ਸਾਗਰ ਤੋਂ ਜਲਦੀ ਹੀ ਕਢ ਲੈਂਦਾ ਹਾਂ॥7॥

ਤੂੰ ਮੇਰੇ ਵਿਚ ਹੀ ਮਨੁ ਲਗਾ ਅਤੇ ਮੇਰੇ ਵਿਚ ਹੀ ਬੁੱਧੀ ਲਗਾ (ਦੇਹਿ ਤਿਆਗਨ ਦੇ) ਪਿੱਛੋ ਤੂੰ ਮੇਰੇ ਵਿਚ ਹੀ ਵਸੇਂਗਾਂ । ਇਸ ਵਿਚ ਸੰਦੇਹ ਨਹੀਂ॥8॥

ਹੇ ਧੰਨਜਯ ! ਜੇ ਤੂੰ ਚਿੱਤ ਨੂੰ ਇਸਥਿਰ ਕਰਕੇ ਮੇਰੇ ਵਿਚ ਨਹੀਂ ਲਗਾ ਸਕਦਾ, ਤਾਂ ਅਭਿਆਸ[77] ਯੋਗ ਦੁਆਰਾ ਮੇਰੀ ਪ੍ਰਾਪਤੀ ਦੀ ਇੱਛਾ ਕਰੁ॥9॥

ਜੇ ਤੂੰ ਅਭਿਆਸ ਕਰਨ ਦੇ ਭੀ ਸਮਰੱਥ ਨਹੀਂ ਤਾਂ ਮੇਰੇ ਨਮਿੱਤ ਕਰਮ ਕਰ, ਮੇਰੇ ਨਮਿੱਤ ਕਰਮ ਕਰਨ ਨਾਲ ਭੀ ਤੈਨੂੰ ਸਿੱਧੀ ਮਿਲੇਗੀ॥10॥

ਜੇ ਤੂੰ ਇਹ ਭੀ ਨਹੀਂ ਕਰ ਸਕਦਾ ਤਾਂ ਆਪਣੇ ਤੇ ਕਾਬੂ ਪਾਕੇ ਮੇਰੇ ਨਾਲ ਯੁਕਤ ਹੋਣ ਦਾ ਆਸਰਾ ਲੈਕੇ ਸਭ ਕਰਮਾਂ ਦੇ ਫਲ ਨੂੰ ਤਿਆਗ ਦੇ॥11॥

ਅਭਿਆਸ ਤੋਂ ਗਿਆਨ, ਗਿਆਨ ਤੋਂ ਧਿਆਨ ਅਤੇ ਧਿਆਨ ਤੋਂ ਕਰਮ ਦੇ ਵਲ ਦਾ ਤਿਆਗ ਸ੍ਰੇਸ਼ਟ ਹੈ ਤਿਆਗ ਹੋਣ ਤੇ ਸ਼ਾਂਤੀ ਜਲਦੀ ਹੀ ਮਿਲਦੀ ਹੈ॥12॥

ਸਭ ਜੀਵਾਂ ਨਾਲ ਦ੍ਵੈਸ਼ ਰਹਿਤ, ਸਭ ਦਾ ਮਿਤ੍ਰ, ਕਰੁਣਾ ਭਾਵ ਰੱਖਣ ਵਾਲਾ ਮਮਤਾ ਤੇ ਅਹੰਕਾਰ ਰਹਿਤ, ਦੁਖ ਸੁਖ ਵਿਚ ਇਕੋ ਜੇਹਾ ਰਹਿਣ ਵਾਲਾ ਤੇ ਖਿਮਾ ਕਰਨ ਵਾਲਾ,॥13॥

ਸਦਾ ਸੰਤੋਖੀ, ਯੋਗੀ, ਅਪਣੇ ਆਤਮਾ ਤੇ ਕਾਬੂ ਤੇ ਦ੍ਰਿੜ ਨਿਸਚੇ ਵਾਲਾ, ਮਨ ਅਤੇ ਬੁੱਧੀ ਨੂੰ ਮੇਰੇ ਅਰਪਣ ਕਰਨ ਵਾਲਾ ਐਸ ਭਗਤ ਮੈਨੂੰ ਪਿਆਰਾ ਹੈ॥14॥

ਜਿਸ ਤੋਂ ਨਾ ਕੋਈ ਡਰੇ, ਨਾ ਉਹ ਕਿਸੇ ਤੋਂ ਡਰੇ, ਜੋ ਖੁਸ਼ੀ ਕ੍ਰੋਧ ਅਤੇ ਭੈ ਉਦ੍ਵੇਗ [78] ਤੋਂ ਰਹਿਤ ਹੈ, ਉਹ ਮੈਨੂੰ ਪਿਆਰਾ ਹੈ॥15॥

---

[77] ਜਿਵੇਂ ਛੇਵੇਂ ਅਧਯਾਯ ਦੇ 24, 25 ਤੇ 35ਵੇਂ ਸਲੋਕ ਵਿਚ ਵਰਣਨ ਕੀਤਾ ਗਿਆ ਹੈ।

[78] ਉਦੂੰਗ =ਉਕਸਾਹਟ।

ਜੋ ਕੁਛ ਭੀ ਲੈਣ ਦੀ ਇਛਾ ਨਾ ਕਰਦਾ ਹੋਵੇ, ਪਵਿਤ੍ਰ, ਚਤੁਰ, ਉਦਾਸੀਨ, ਦੁੱਖਾਂ ਤੋਂ ਪਰੇ ਅਤੇ ਸਭ ਪ੍ਰਕਾਰ ਦੇ ਅਰੰਭ ਦਾ ਤਿਆਗੀ ਐਸਾ ਭਗਤ ਮੈਨੂੰ ਪਿਆਰਾ ਹੈ॥16॥

ਜੋ ਨਾ ਖੁਸ਼ੀ ਨਾ ਦ੍ਵੈਸ਼ ਨਾ ਚਿੰਤਾ ਕਰਦਾ ਤੇ ਨਾ ਕੁਛ ਚਾਹੁੰਦਾ ਹੈ, ਸੁਭਾਸੁਭ ਦੋਹਾਂ ਦਾ ਤਿਆਗੀ, ਭਗਤੀ ਨਾਲ ਭਰਪੂਰ ਐਸਾ ਆਦਮੀ ਮੈਨੂੰ ਪਿਆਰਾ ਹੈ॥17॥

ਜੋ ਸ਼ਤ੍ਰ ਮਿਤ੍ਰ, ਮਾਨ ਅਪਮਾਨ, ਗਰਮੀ ਸਰਦੀ, ਸੁਖ ਦੁਖ ਨੂੰ ਸਮਾਨ ਸਮਝਦਾ ਹੈ ਅਤੇ ਸੰਗ ਤੋਂ ਰਹਿਤ ਹੈ॥18॥

ਜਿਸਨੂੰ ਨਿੰਦਿਆ ਉਸਤਤੀ ਇਕੋ ਜੇਹੀ ਹੈ, ਚੁਪ ਰਹਿਣ ਵਾਲਾ, ਹਰ ਹਾਲ ਵਿਚ ਸੰਤੋਖੀ, ਬਿਨਾ ਘਰ, ਇਸਥਿਰ ਬੁੱਧੀ ਵਾਲਾ, ਭਗਤੀ ਮਾਨ ਐਸਾ ਆਦਮੀ ਮੈਨੂੰ ਪਿਆਰਾ ਹੈ॥19॥

ਜੋ ਭਗਤ ਸ਼੍ਰਧਾ ਪੂਰਵਕ ਮੈਨੂੰ ਪਰਮ ਜਾਣਕੇ, ਇਸ ਉਪਰ ਕਹੇ ਹੋਏ ਧਰਮ ਅਮ੍ਰਿੰਤ ਰੂਪ ਉਪਦੇਸ਼ ਦਾ ਪਾਲਨ ਕਰਦੇ ਹਨ, ਉਹ ਮੈਨੂੰ ਅਤੀ ਪਿਆਰੇ ਹਨ॥20॥

ਇਤਿ ਸ਼੍ਰੀ ਭਗਤੀ ਯੋਗ ਵਰਣਨ

ਨਾਮ ਬਾਰ੍ਹਵਾਂ ਅਧਾਯਯ॥

-0-

## ਤੇਰ੍ਹਵੇਂ ਅਧਯਾਯ ਦਾ ਸਾਰ

ਤੇਰ੍ਹਵੇ ਅਧਯਾਯ ਵਿਚ ਭਗਵਾਨ ਪੁਰਸ਼ ਅਤੇ ਪ੍ਰਕ੍ਰਿਤੀ ਦਾ ਨਿਰਣਾ ਕਰਦੇ ਹੋਵੇ ਛ੍ਰੇਤ ਅਰਥਾਤ ਆਦਮੀ ਦੀ ਦੇਹ ਅਤੇ ਛੇਤ੍ਰੱਗਯ ਅਰਥਾਤ ਆਤਮਾ ਯਾ ਉਸ ਨੂੰ ਜਾਣਨ ਵਾਲਾ ਇਨ੍ਹਾਂ ਦਾ ਵਰਣਨ ਕਰਦੇ ਹਨ। ਇਹੀ ਗਿਆਨੁ ਜੀਵ ਨੂੰ ਸ਼ਰਧਾ ਵਿਚ ਪੱਕਾ ਕਰਦਾ ਅਤੇ ਸਤ ਕਰਮ ਕਰਨ ਦੀ ਸਮਰੱਥਾ ਬਖਸ਼ਦਾ ਹੈ। ਭਗਵਾਨ ਦੱਸਦੇ ਹਨ ਕਿ ਪੰਚ ਮਹਾਂ ਭੂਤ, ਅਹੰਕਾਰ, ਬੁੱਧੀ ਇੰਦੇਮਨ, ਦੇਹਿ ਅਤੇ ਤਿੱਨੋ ਗੁਣ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਹੋਏ, ਇਹ ਸਭ ਮਿਲਕੇ ਛੇਤ੍ਰ(ਦੇਹਿ ਕਹਾਉਂਦੇ ਹਨ, ਅਤੇ ਜੋ ਇਸ ਦੇ ਵਿਚ, ਇਸ ਨੂੰ ਜਾਨਣ ਵਾਲਾ ਹੈ, ਉਹ ਛੇਤੱਗਯ, ਆਤਮਾ ਯਾ ਪੁਰਸ਼ ਹੈ। ਅਗੇ ਚਲਕੇ ਪੁਰਸ਼ ਦੀ ਵਿਆਖਿਆ ਕਰਦੇ ਹਨ। ਫੇਰ ਦੱਸਦੇ ਹਨ ਕਿ ਪ੍ਰਕ੍ਰਿਤੀ ਅਤੇ ਪੁਰਸ਼ ਦੋਨੋਂ ਹੀ ਅਨਾਦੀ ਹਨ। ਗੁਣ ਤੇ ਵਿਕਾਰ ਪ੍ਰਕ੍ਰਿਤੀ ਵਿਚੋਂ ਪੈਦਾ ਹੁੰਦੇ ਹਨ। ਪੁਰਸ਼ ਕੇਵਲ ਦੁਖ ਸੁਖ ਦੇ ਭੋਗ ਦਾ ਹੇਤੂ ਹੁੰਦਾ ਹੈ । ਤਿੱਨਾਂ ਗੁਣਾਂ ਵਿਚ ਜਿਸ ਤਰ੍ਹਾਂ ਦਾ ਸੰਗ ਹੋਵੇ, ਉਸੇ ਤਰ੍ਹਾਂ ਦਾ ਆਦਮੀ ਦਾ ਅੱਛਾ ਯਾ ਬੁਰਾ ਜਨਮ ਹੁੰਦਾ ਹੈ। ਇਹ ਪਰਮਾਤਮਾ, ਪੁਰਸ਼ ਸਭ ਜੀਵਾਂ ਵਿਚ ਅਨਾਸ਼ੀ ਹੋ ਕੇ ਵਿਆਪਤ ਹੈ । ਇਸਨੂੰ ਐਸਾ ਜਾਣ ਜਾਣਾ 'ਗਿਆਨੁ' ਹੈ।

-0-

## ਤੇਰ੍ਹਵਾਂ ਅਧਯਾਯ

ਸ੍ਰੀ ਅਰਜਨ ਉਵਾਚ :--

ਹੇ ਕੇਸ਼ਵ ! ਮੈਂ ਪ੍ਰਕ੍ਰਿਤੀ ਅਤੇ ਪੁਰਸ਼, ਛੇਤ੍ਰ ਅਤੇ ਛੇਤ੍ਰੱਗਯ ਤਥਾ ਗਿਆਨ ਅਤੇ ਗੇਯ ਨੂੰ ਜਾਣਨਾ ਚਾਹੁੰਦਾ ਹਾਂ॥1॥

ਸ੍ਰੀ ਭਗਵਾਨ ਬੋਲੇ :-

ਹੇ ਕੌਂਤੇਯ ! ਇਹ ਸਰੀਰ ਛੇਤ੍ਰ ਕਹਾਉਂਦਾ ਹੈ, ਅਤੇ ਜੋ ਇਸ ਵਿਚ ਜਾਣਨ ਵਾਲਾ ਹੈ, ਉਸਨੂੰ ਛੇਤ੍ਰੱਗਯ[79] ਕਹਿੰਦੇ ਹਨ॥2॥

ਹੇ ਭਾਰਤ ! ਸਭ ਛੇਤ੍ਰ ਵਿਚ ਛੇਤ੍ਰੱਗਯ ਮੈਨੂੰ ਜਾਣੁ, ਮੇਰੇ ਮਤ ਵਿਚ ਛੇਤ੍ਰ ਅਤੇ ਛੇਤ੍ਰੱਗਯ ਦਾ ਜੋ ਗਿਆਨੁ ਹੈ, ਏਹੋ ਯਥਾਰਥ ਗਿਆਨੁ ਹੈ॥3॥

ਉਹ ਛੇਤ੍ਰ ਕੀ ਹੈ ? ਅਤੇ ਕਿਸ ਭਾਂਤ ਦਾ ਹੈ ? ਉਸ ਵਿਚ ਕੀ ਵਿਕਾਰ ਹਨ ? ਅਤੇ ਕਿਸ ਕਰਕੇ ਉਤਪਨ ਹੁੰਦਾ ਹੈ ? ਕੈਸਾ ਉਹ ਹੈ ? ਅਤੇ ਕੀ ਉਸ ਦੇ ਪ੍ਰਭਾਵ ਹਨ ? ਸੋ ਮੈਂ ਸੰਖੇਪ ਨਾਲ ਸੁਣਾਉਂਦਾ ਹਾਂ । ਤੂੰ ਸੁਣ॥4॥

ਰਿਸ਼ੀਆਂ ਨੇ ਅਨੇਕ ਛੰਦਾਂ ਵਿਚ ਅਤੇ ਨਿਰ ਸੰਦੇਹ ਬ੍ਰਹਮ ਸੂਤਰਾਂ ਵਿਚ ਅਨੇਕ ਤਰ੍ਹਾਂ ਨਾਲ ਗਾਇਆ ਹੈ॥5॥

ਮਹਾਂ ਭੂਤ, ਅਹੰਕਾਰ, ਬੁਧਿ ਅਤੇ ਅਵਯਕਤ, ਦਸ ਇੰਦ੍ਰੀਆਂ ਇਕ (ਮਨ) ਅਤੇ ਪੰਜ ਇੰਦ੍ਰੀਆਂ ਦੇ ਵਿਸ਼ੇ॥6॥

ਇੱਛਾ, ਦ੍ਵੈਸ਼, ਸੁਖ, ਦੁਖ, ਦੇਹਿ, ਚੇਤਨਤਾ ਅਤੇ ਧੀਰਜ ਇਹ ਸੰਖੇਪ ਨਾਲ ਛੇਤ੍ਰ ਤੇ ਉਸ ਦੇ ਵਿਕਾਰ ਕਹੇ ਹਨ॥7॥

ਮਿਸਕੀਨੀ, ਦੰਭ ਤੋਂ ਰਹਿਤ, ਅਹਿੰਸਾ, ਸ਼ਾਂਤੀ, ਸਰਲਤਾ, ਗੁਰ ਸੇਵਾ, ਪਵਿਤ੍ਰਾ, ਇਸਥਿਰਤਾ, ਆਪਣੇ ਆਪ ਤੇ ਕਾਬੂ॥੪॥

---

[79]ਛੇਤ੍ਰੱਗਯ = ਛੇਤ੍ਰ ਨੂੰ ਜਾਣਨ ਵਾਲਾ ।

ਇੰਦ੍ਰੀਆਂ ਦੇ ਵਿਸ਼ਿਆਂ ਤੋਂ ਬਗੈਰ ਅਤੇ ਨਿਰਹੰਕਾਰਤਾ, ਜਨਮ, ਮ੍ਰਿਤੂ, ਬੁਢਾਪਾ ਤੇ ਰੋਗ ਦੇ ਦੁੱਖਾਂ ਦੀ ਵਿਚਾਰ ਦਾ ਹੋਣਾ।। 9॥

ਅਸੰਗਤਾ, ਮਮਤਾ ਰਹਿਤ ਹੋਣਾ, ਪੁਤ੍ਰ, ਇਸਤ੍ਰੀ ਦੇ ਘਰ ਆਦਿ ਨਾਲ ਅਪਣੱਤ ਭਾਸਣਾ, ਪਿਆਰੀ ਦੁਪਿਆਰੀ ਵਸਤੂਆਂ ਵਿਚ ਸਦਾ ਇਕ ਜੈਸੀ ਵ੍ਰਿਤੀ ਦਾ ਹੋਣਾ॥10॥

ਯੋਗ ਦੁਆਰਾ ਮੇਰੀ ਅੰਨਨਯ ਭਗਤੀ, ਏਕਾਂਤ ਸਥਾਨ ਦਾ ਵਾਸ, ਲੋਕਾਂ ਦੀ ਸੰਗਤ ਵਿਚ ਰੁਚੀ ਨਾ ਰਖਣਾ॥11॥

ਅਧਿਆਤਮ[80] ਗਿਆਨ ਵਿਚ ਸਦਾ ਤਤਪਰ ਰਹਿਣਾ, ਤੱਤ ਗਿਆਨ[81] ਰੂਪ ਦਾ ਵਿਚਾਰ ਕਰਨਾ, ਇਹ ਸਭ ਗਿਆਨੁ ਹੈ, ਇਸ ਦੇ ਉਲਟ ਜੋ ਹੈ ਸੋ ਅਗਿਆਨੁ ਹੈ॥12॥

ਮੈਂ ਤੈਨੂੰ ਉਹ ਦੱਸਦਾ ਹਾਂ ਜੋ ਜਾਣਨ ਯੋਗ ਹੈ, ਜਿਸ ਨੂੰ ਜਾਣ ਕੇ ਅਮਰ ਪਦਵੀ ਮਿਲਦੀ ਹੈ, ਉਹ ਅਨਾਦਿ ਬ੍ਰਹਮ ਹੈ, ਜੋ ਨਾ ਸੱਤ ਹੈ ਮਾ ਅਸੱਤ॥13॥

ਉਸ ਦੇ ਸਰਵੱਤ੍ਰ ਹੀ ਹੱਥ ਤੇ ਪੈਰ ਹਨ, ਅਤ ਸਰਵੱਤ੍ਰ ਅੱਖਾਂ, ਸਿਰ, ਮੂੰਹ ਅਤੇ ਕੰਨ ਹਨ। ਉਹ ਸਾਰ ਲੋਕਾਂ ਵਿਚ ਵਿਆਪਕ ਹੋ ਰਿਹਾ ਹੈ॥14॥

ਉਹ ਸਭ ਇੰਦ੍ਰੀਆਂ ਦੇ ਗੁਣਾਂ ਆਭਾਸ ਸਥਾਨ ਹੁੰਦਾ ਹੋਇਆ ਸਭ ਇੰਦ੍ਰੀਆਂ ਤੋਂ ਨਿਆਰਾ ਹੈ। ਸੰਗ ਰਹਿਤ ਹੁੰਦਾ ਹੋਇਆ ਸਭ ਨੂੰ ਧਾਰਨ ਕਰਨ ਵਾਲਾ, ਨਿਰਗੁਣ ਹੁੰਦਾ ਹੋਇਆ ਗੁਣਾਂ ਨੂੰ ਭੋਗਣ ਵਾਲਾ ਭੀ ਹੈ॥15॥

ਉਹ ਸਭ ਚਰਾਚਰ ਜੀਵਾਂ ਦੇ ਅੰਦਰ ਬਾਹਰ ਹੈ। ਅਤਯੰਤ ਸੂਖਮ ਹੋਣ ਕਰਕੇ ਉਹ ਜਾਣਿਆ ਨਹੀਂ ਜਾ ਸਕਦਾ, ਉਹ ਦੂਰ ਭੀ ਹੈ ਅਤੇ ਨੇੜੇ ਭੀ॥16॥

ਉਹ ਸਭ ਜੀਵਾਂ ਵਿਚ ਅਲੱਗ ਅਲੱਗ ਨਾ ਬਟਿਆ ਹੋਇਆ ਹੋ ਕੇ ਭੀ ਬਟਿਆ ਹੋਇਆ ਇਸਥਿਤ ਹੈ, ਅਤੇ ਸਾਰੇ ਜੀਵਾਂ ਦਾ ਪਾਲਕ, ਲੈ ਕਰਨ ਵਾਲਾ ਅਤੇ ਸਭ ਦਾ ਕਰਤਾ ਹੈ॥17॥

---

[80]ਅਧਿਆਤਮ ਗਿਆਨ-ਆਤਮਾ ਦਾ ਗਿਆਨ।

[81] ਤੱਤ ਗਿਆਨ=ਸਰਵ ਚੀਜ਼ਾਂ ਦੇ ਤਤ ਦਾ ਗਿਆਨੁ।

ਉਹ ਸਭ ਜੋਤੀਆਂ ਦੀ ਜੋਤਿ ਹੈ, ਅਨ੍ਹੇਰੇ ਤੋਂ ਪਰੇ ਗਿਆਨ ਰੂਪ ਹੈ । ਜਾਣਨ ਯੋਗ ਹੈ। ਗਿਆਨ ਕਰਕੇ ਹੀ ਜਾਣਿਆ ਜਾਂਦਾ ਹੈ ਅਤੇ ਸਭ ਦੇ ਹਿਰਦੇ ਵਿਚ ਇਸਥਿਤ ਹੈ॥18॥

ਇਸ ਤਰਾਂ ਛੇਤ੍ਰ, ਗਿਆਨ ਅਤੇ ਗੇਯ ਨੂੰ ਸੰਖੇਪ ਨਾਲ ਕਿਹਾ ਹੈ । ਇਸ ਨੂੰ ਜਾਣਕੇ ਮੇਰਾ ਭਗਤ ਮੇਰੇ ਭਾਵ ਨੂੰ ਪ੍ਰਾਪਤ ਹੁੰਦਾ ਹੈ॥19॥

ਪ੍ਰਕ੍ਰਿਤੀ ਅਤੇ ਪੁਰਸ਼ ਇਹ ਦੋਨੋ ਅਨਾਦਿ ਹਨ ਅਤੇ ਤੂੰ ਜਾਣ, ਕੇ ਵਿਕਾਰ ਅਤੇ ਗੁਣ ਇਹ ਸਭ ਪ੍ਰਕ੍ਰਿਤੀ ਦਾ ਪ੍ਰਭਾਵ ਹੈ॥20॥

ਕਾਰਜ ਅਤੇ ਕਾਰਣ ਦੇ ਪੈਦਾ ਕਰਨ ਵਾਲੀ ਹੋਣ ਕਰਕੇ ਪ੍ਰਕ੍ਰਿਤੀ ਕਹੀ ਜਾਂਦੀ ਹੈ । ਪੁਰਸ਼ ਸੁਖ ਦੁਖ ਦੇ ਭੋਗਣ ਦਾ ਕਾਰਣ ਹੈ॥21॥

ਪੁਰਸ਼ ਪ੍ਰਕ੍ਰਿਤੀ ਵਿਚ ਇਸਥਿਤ ਹੋਇਆ ਹੋਇਆ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਗੁਣਾਂ ਨੂੰ ਭੋਗਦਾ ਹੈ, ਇਸ ਦਾ ਗੁਣਾਂ ਨਾਲ ਸੰਗ ਹੋਣ ਕਰਕੇ ਹੀ ਅੱਛੀ ਬੁਰੀ ਥਾਂ ਜਨਮ ਲੈਂਦਾ ਹੈ॥22॥

ਇਸ ਦੇਹਿ ਵਿਚ ਇਹ ਪੁਰਸ਼ ਉਪਦ੍ਰਿਸ਼ਟਾ[82] ਅਨੁਮੰਤਾ[83] ਭਰਤਾ[84] ਭੋਕਤਾ[85] ਸਭ ਦਾ ਈਸ਼੍ਵਰ ਅਤੇ ਪਰਮਾਤਮਾ ਪਰਮ ਪੁਰਸ਼ ਕਹਾਉਂਦਾ ਹੈ॥23॥

ਇਸਤਰਾਂ ਜਿਸਨੂੰ ਪੁਰਸ ਪ੍ਰਕ੍ਰਿਤੀ ਅਤੇ ਗੁਣਾ ਦਾ ਗਿਆਨ ਹੋ ਗਿਆ ਹੈ, ਉਹ ਸਰਵਥਾ ਹਰ ਹਾਲ ਵਿਚ ਰਹਿੰਦਾ ਹੋਇਆ ਭੀ ਫਿਰ ਜਨਮ ਨਹੀਂ ਲੈਂਦਾ॥24॥

ਕੋਈ ਧਿਆਨ ਦੁਆਰਾ ਕੋਈ ਸਾਂਖ ਯੋਗ ਦੁਆਰਾ ਕੋਈ ਕਰਮ ਯੋਗ ਦੁਆਰਾ ਪਰਮਾਤਮਾ ਨੂੰ ਆਤਮਾ ਵਿਚ ਦੇਖਦੇ ਹਨ॥25॥

---

[82] ਉਪਦ੍ਰਿਸ਼ਟਾ=ਸਭ ਕੁਛ ਦੇਖਣ ਵਾਲਾ ।

[83] ਅਨੁਮੰਤਾ=ਸਲਾਹ ਦੇਣ ਵਾਲਾ ।

[84]ਭਰਤਾ =ਧਾਰਨ ਕਰਨ ਵਾਲਾ ।

[85] ਭਕਤਾ=ਭੋਗਣ ਵਾਲਾ ।

ਪਰ ਕਈ ਤਾਂ ਇਸ ਤਰਾਂ ਨਾ ਜਾਣਦੇ ਹੋਏ ਭੀ ਦੂਜੇ ਤੋਂ ਸੁਣਕੇ ਉਪਾਸਨਾ ਕਰਦੇ ਹਨ. ਅਤੇ ਸ਼੍ਰਧਾ ਨਾਲ ਉਪਦੇਸ਼ ਸੁਣਕੇ ਮ੍ਰਿਤ-ਸਾਗਰ ਨੂੰ ਤਰ ਜਾਂਦੇ ਹਨ॥26॥

ਹੇ ਭਰਤਰਸਭ ! ਇਹ ਜੋ ਕੁਛ ਭੀ ਸਥਾਵਰ ਜੰਗਮ ਵਸਤੂ ਪੈਦਾ ਹੁੰਦੀ ਹੈ ਇਹ ਸਭ ਛੇਤ੍ਰ ਤੇ ਛੇਤ੍ਰਗਯ[86] ਦੇ ਸੰਯੋਗ ਨਾਲ ਹੀ ਪੈਦਾ ਹੁੰਦਾ ਹੈ॥27॥

ਸਭ ਜੀਵਾਂ ਵਿਚ ਪਰਮੇਸ਼੍ਵਰ ਇਕ ਸਾਰ ਵਰਤਮਾਨ ਅਤੇ ਬਿਨਾਸ਼ੀ ਵਿਚ ਅਬਿਨਾਸ਼ੀ ਇਸਥਿਤ ਹੈ, ਜੋ ਉਸ ਨੂੰ ਇਸ ਤਰ੍ਹਾਂ ਦੇਖਦਾ ਹੈ, ਉਹ ਦੇਖਦਾ ਹੈ॥28॥

ਜੇ ਸਰਵੱਤ੍ਰ ਇਸਥਿਤ ਹੋਏ ਹੋਏ ਪਰਮੇਸ੍ਵਰ ਨੂੰ ਸਮਾਨ ਦੇਖਦਾ ਹੈ, ਉਹ ਆਪਣੇ ਆਪ ਦਾ ਨਾਮ ਨਹੀਂ ਕਰਦਾ ਅਤੇ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ । 29॥

ਜੋ ਪ੍ਰਕ੍ਰਿਤੀ ਨੂੰ ਕਰਮ ਕਰਨ ਵਾਲੀ ਅਤੇ ਆਤਮਾ ਨੂੰ ਨਾ ਕਰਮ ਕਰਨ ਵਾਲਾ ਦੇਖਦਾ ਹੈ, ਓਹੋ ਹੀ ਦੇਖਦਾ ਹੈ॥30॥

ਜੋ ਸਭ ਜੁਦੇ ਜੁਦੇ ਜੀਵਾਂ ਨੂੰ ਇਕ ਪਰਮੇਸ਼੍ਵਰ ਵਿਚ ਹੀ ਇਸਥਿਤ ਦੇਖਦਾ ਹੈ, ਅਤੇ ਉਸੀ ਵਿਚੋਂ' ਸਭ ਦੀ ਉਤਪਤੀ ਦੇਖਦਾ ਹੈ, ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ॥31॥

ਹੇ ਕੌਂਤੇਯ ! ਅਨਾਦਿ ਅਤੇ ਗੁਣਾਂ ਤੋਂ ਰਹਿਤ ਅਬਿਨਾਸ਼ੀ ਪਰਮਾਤਮਾ ਸਰੀਰ ਵਿਚ ਇਸਥਿਤ ਹੋਇਆ ਹੋਇਆ ਭੀ ਅਕਰਤਾ ਅਤੇ ਅਲਿਪਤ ਹੈ॥32 !

ਜਿਸ ਤਰ੍ਹਾਂ ਹਰ ਜਗਾ ਵਿਆਪਕ ਅਕਾਸ਼ ਸੂਖਮ ਹੋਣ ਕਰਕੇ ਅਲਿਪਤ ਹੈ, ਏਸੇ ਤਰਾਂ ਦੇਹ ਵਿਚ ਇਸਥਿਤ ਹੋਇਆ ਹੋਇਆ ਆਤਮਾ ਭੀ ਅਲਿਪਤ ਹੈ॥33॥

ਹੇ ਭਾਰਤ ! ਜਿਸ ਤਰਾਂ ਇਕ ਹੀ ਸੂਰਜ ਸਾਰੇ ਲੋਕ ਨੂੰ ਪ੍ਰਕਾਸ਼ਤ ਕਰਦਾ ਹੈ, ਉਸੇ ਤਰਾ ਛੇਤ੍ਰੀ[87] ਸਾਰੇ ਛੇਤ੍ਰ ਨੂੰ ਪ੍ਰਕਾਸ਼ਤ ਕਰਦਾ ਹੈ॥34॥

ਇਸ ਤਰਾਂ ਗਿਆਨ ਦੀਆਂ ਅੱਖਾਂ ਨਾਲ ਜੋ ਛੇਤ੍ਰ ਅਤੇ ਛੇਤੱਗਯ ਦੇ ਅੰਤਰ ਅਤੇ ਪ੍ਰਕ੍ਰਿਤੀ ਤੋਂ ਜੀਵਾਂ ਦੇ ਛੁੱਟਣ ਨੂੰ ਜਾਣਦੇ ਹਨ, ਉਹ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ॥35॥

---

[86]ਛੇਤ੍ਰ ਤੇ ਯ = ਪੁਰਸ਼ ਤੇ ਪ੍ਰਕ੍ਰਿਤੀ ।

[87]ਛੇਤ੍ਰੀ = ਇਸ ਛੇਤ ਦਾ ਮਾਲਕ ਤੇ ਇਸ ਛੇਤ੍ਰ ਵਿਚ ਵਿਆਪਕ ਪਰਮਾਤਮਾ ।

ਇਤਿ ਸ੍ਰੀ ਛੇਤ੍ਰੱਗਯ ਵਿਭਾਗ ਯੋਗ ਵਰਨਣ
ਨਾਮ ਤੇਰ੍ਹਵਾਂ ਅਧਯਾਯ॥

-0-

## ਚੌਧਵੇਂ ਅਧਯਾਯ ਦਾ ਸਾਰ

ਇਸੇ ਗਿਆਨ ਨੂੰ ਇਸ ਚੌਧਵੇਂ ਅਧਯਾਯ ਵਿਚ ਭਗਵਾਨ ਅੱਗੇ ਚਲਾਉਂਦੇ ਹੋਏ ਦੱਸਦੇ ਹਨ, ਕਿ ਸਤ, ਰਜ, ਤਮ ਇਹ ਤਿੱਨੇ ਗੁਣ ਪ੍ਰਕ੍ਰਿਤੀ ਵਿਚੋਂ ਪੈਦਾ ਹੁੰਦੇ ਹਨ, ਇਨ੍ਹਾਂ ਕਰਕੇ ਦੇਹੀ ਵਿਚ ਬੰਨ੍ਹਿਆ ਰਹਿੰਦਾ ਹੈ । ਜੈਸਾ ਜੈਸਾ ਜੀ ਜੋ ਗਣ ਵਧਦਾ ਘਟਦਾ ਹੈ, ਵੈਸਾ ਵੈਸਾ ਹੀ ਉਸ ਆਦਮੀ ਦਾ ਸੁਭਾਵ ਹੁੰਦਾ ਹੈ । ਜਦ ਦੇਹੀ (ਆਤਮਾ) ਗਿਆਨ ਦੁਆਰਾ ਇਨ੍ਹਾਂ ਗੁਨਾਂ ਦੇ ਬੰਧ ਵਿਚੋਂ ਨਿਕਲ ਕੇ, ਇਨ੍ਹਾਂ ਤੋਂ ਪਰੇ ਚਲੇ ਜਾਂਦਾ ਹੈ, ਤਦ ਉਹ ਜਨਮ, ਮ੍ਰਿਤੂ, ਜਰਾ ਅਤੇ ਦੁੱਖ ਤੋਂ ਮੁਕਤੀ ਪਾ ਕੇ ਅਮ੍ਰਿਤ ਚੱਖਦਾ ਹੈ।

ਅੰਤ ਵਿਚ ਭਗਵਾਨ, ਜੋ ਆਦਮੀ ਤਿੱਨਾ ਗੁਣਾਂ ਤੋਂ ਪਰੇ ਚਲਾ ਗਿਆ ਹੋਵੇ, ਉਸ ਦੇ ਲੱਛਣ ਦੱਸਦੇ ਹਨ :—ਉਹ ਸੁੱਖ ਦੁੱਖ ਵਿਚ ਇੱਕ ਜੈਸਾ ਰਹਿੰਦਾ ਹੈ, ਸਸਥ, ਆਪਣੇ ਆਪ ਤੇ ਭਰੋਸੇ ਵਾਲਾ, ਜਿਸ ਨੂੰ ਮਿੱਟੀ ਪੱਥਰ ਤੇ ਸੋਨਾ ਇਕ ਜੈਸੇ ਹਨ, ਮਿਤ੍ਰ, ਸ਼ੱਤ੍ਰ , ਮਾਨ ਅਪਮਾਨ ਜਿਸ ਨੂੰ ਸਮਾਨ ਹਨ, ਤੇ ਜੋ ਸਰਭਾਰੰਭ ਦਾ ਤਿਆਗੀ ਹੈ।

-0-

## ਚੌਧਵਾਂ ਅਧ੍ਯਾਯ

ਸ੍ਰੀ ਭਗਵਾਨ ਬੋਲੇ :-

ਮੈਂ ਸਾਰੇ ਗਿਆਨਾਂ ਵਿਚੋਂ ਉੱਤਮ ਗਿਆਨ ਤੈਨੂੰ ਫੇਰ ਸੁਣਾਉਂਦਾ ਹਾਂ, ਜਿਸ ਨੂੰ ਜਾਣ ਕਰਕੇ ਮੁਨੀ ਜਨ ਪਰਮ ਸਿੱਧੀ ਨੂੰ ਪ੍ਰਾਪਤ ਹੁੰਦੇ ਹਨ॥1॥

ਇਸੇ ਗਿਆਨ ਦੇ ਆਸਰੇ ਅਤੇ ਮੇਰੀ ਗਤੀ ਨੂੰ ਪ੍ਰਾਪਤ ਹੋ ਕੇ ਉਹ ਸ੍ਰਿਸ਼ਟੀ ਪੈਦਾ ਹੋਣ ਦੇ ਸਮੇਂ ਭੀ ਨਹੀਂ ਆਉਂਦੇ, ਅਤੇ ਨਾ ਪ੍ਰਲੈ ਕਾਲ ਵਿਚ ਵਿਆਕੁਲ ਹੁੰਦੇ ਹਨ॥2॥

ਹੇ ਭਾਰਤ ! ਮਹਤ[88] ਬ੍ਰਹਮ ਯੋਨੀ ਹੈ, ਇਸੇ ਵਿਚ ਮੈਂ ਗਰਭ ਧਾਰਨ ਕਰਦਾ ਹਾਂ, ਉਸ ਵਿਚੋਂ ਸਭ ਪ੍ਰਾਣੀ ਉਤਪਨ ਹੁੰਦੇ ਹਨ॥3॥

ਹੇ ਕੌਂਤੇਯ ! ਸਭ ਪ੍ਰਕਾਰ ਦੇ ਸਰੀਰ ਉਤਪਨ ਹੁੰਦੇ ਹਨ, ਉਨ੍ਹਾਂ ਸਭ ਦੀ ਮਾਂ ਪ੍ਰਕ੍ਰਿਤੀ ਹੈ, ਅਤੇ ਪੈਦਾ ਕਰਨ ਵਾਲਾ ਪਿਤਾ ਮੈਂ ਹਾਂ॥4॥

ਹੇ ਮਹਾਂਬਾਹੋ ! ਸਤੋ ਗੁਣ ਰਜੋ ਗੁਣ ਅਤੇ ਤਮੋ ਗੁਣ ਜੋ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਹਨ, ਇਹ (ਤਿੰਨੇ ਗੁਣ) ਅਬਿਨਾਸ਼ੀ ਜੀਵ ਨੂੰ ਇਸ ਦੇਹਿ ਵਿਚ ਬੰਨ੍ਹਦੇ ਹਨ॥5॥

ਹੇ ਅਨੱਘ ! ਇਨ੍ਹਾਂ ਵਿਚੋਂ ਸਤੋ ਗੁਣ ਨਿਰਮਲ ਪ੍ਰਕਾਸ਼ ਵਾਨ ਅਤੇ ਨਿਰ ਵਿਕਾਰ ਹੋਣ ਕਰਕੇ ਸੁਖ ਅਤੇ ਗਿਆਨ ਨਾਲ ਜੀਵ ਨੂੰ ਬੰਨ੍ਹਦਾ ਹੈ॥6॥

ਹੇ ਕੌਂਤੇਯ ! ਰਜੋ ਗੁਣ ਨੂੰ ਤੂੰ ਤ੍ਰਿਸ਼ਨਾ ਅਤੇ ਸੰਗ ਤੋਂ ਉਤਪਨ ਹੋਇਆ ਹੋਇਆ ਜਾਣ ਇਹ ਕਰਮ ਅਤੇ ਸੰਗ ਨਾਲ ਜੀਵ ਨੂੰ ਬੰਨ੍ਹਦਾ ਹੈ॥7॥

ਹੇ ਭਾਰਤ ! ਤਮੋ ਗੁਣ ਅਗਿਆਨ ਤੋਂ ਪੈਦਾ ਹੁੰਦਾ ਹੈ । ਇਹ ਸਭ ਜੀਵਾਂ ਨੂੰ ਮੋਹ ਵਿਚ ਖਚਤ ਕਰਨ ਵਾਲਾ ਹੈ । ਇਹ ਜੀਵ ਨੂੰ ਪ੍ਰਮਾਦ[89] ਆਲਸ ਅਤੇ ਨੀਂਦ ਦੁਆਰਾ ਬੰਨ੍ਹਦਾ ਹੈ॥8॥

---

[88] ਮਿਹਤ ਬ੍ਰਹਮ=ਮਹਾਂ ਪ੍ਰਕ੍ਰਿਤੀ ।

ਹੇ ਭਾਰਤ ! ਜੀਵ ਨੂੰ ਸਤੋ ਗੁਣ ਸੁਖ ਵਿਚ ਅਤੇ ਰਜੋ ਗੁਣ ਕਰਮ ਕਰਨ ਵਿਚ ਲਾਉਂਦਾ ਹੈ ਪਰ ਤਮੋ ਗੁਣ ਗਿਆਨ ਨੂੰ ਢਕ ਕੇ ਜੀਵ ਨੂੰ ਪ੍ਰਮਾਦ ਵਿਚ ਲਾਉਂਦਾ ਹੈ॥9॥

ਹੇ ਭਾਰਤ ! ਸਤੋ ਗੁਣ, ਰਜੋ ਗੁਣ, ਅਤੇ ਤਮੋ ਗੁਣ ਨੂੰ ਦਬਾਕੇ ਪ੍ਰਗਟ ਹੁੰਦਾ ਹੈ । ਰਜੋ ਗੁਣ, ਸਤੋ ਗੁਣ ਅਤੇ ਤਮੋ ਗੁਣ ਨੂੰ ਦਬਾਕੇ, ਅਤੇ ਤਮੋ ਗੁਣ, ਸਤੋ ਗੁਣ ਅਤੇ ਰਜੋ ਗੁਣ, ਨੂੰ ਦਬਾਕੇ ਪ੍ਰਗਟ ਹੁੰਦਾ ਹੈ॥10॥

ਜਦ ਇਸ ਦੇਹਿ ਦੇ ਸਾਰੇ ਦੁਆਰਿਆ ਵਿਚੋਂ ਗਿਆਨ ਦਾ ਪ੍ਰਕਾਸ਼ ਹੋਵੇ, ਤਾਂ ਸਤੋ ਗੁਣ ਦਾ ਵਾਧਾ ਸਮਝਣਾ ਚਾਹੀਦਾ ਹੈ॥11॥

ਹੇ ਭਰਤਰਸ਼ਭ ! ਰਜੋ ਗੁਣ ਦੇ ਵਧਣ ਤੇ ਲੋਭ ਪ੍ਰਵ੍ਰਿਤੀ, ਕਰਮ ਕਰਨ ਦਾ ਅਰੰਭ, ਅਸ਼ਾਂਤੀ ਅਤੇ ਚਾਹਨਾਂ ਉਤਪਨ ਹੁੰਦੇ ਹਨ॥12॥

ਹੇ ਕੁਰੂ ਨੰਦਨ ! ਜਦ ਤਮੋ ਗੁਣ ਵਧਦਾ ਹੈ ਤਾਂ ਅਨ੍ਹੇਰਾ[90], ਉਦਮ ਦਾ ਨਾ ਹੋਣਾ, ਪ੍ਰਮਾਦ ਅਤੇ ਮੋਹ ਉਤਪਨ ਹੁੰਦੇ ਹਨ॥13॥

ਜਦ ਜੀਵ ਦੇ ਦੇਹਿ ਤਿਆਗਣ ਸਮੇ ਸਤੋਗੁਣ ਪ੍ਰਧਾਨ ਹੋਵੇ ਤਾਂ ਉਹ ਉਤਮ ਪੁਰਸ਼ਾਂ ਦੇ ਨਿਰਮਲ ਲੋਕ ਨੂੰ ਜਾਂਦਾ ਹੈ॥14॥

ਜੋ ਰਜੋ ਗੁਣ ਪ੍ਰਧਾਨ ਹੋਣ ਤੇ ਸਰੀਰ ਤਿਆਗੇ ਤਾਂ ਉਹ ਉਨ੍ਹਾਂ ਵਿਚ ਜਨਮ ਲੈਂਦਾ ਹੈ ਜੋ ਕਰਮ ਕਰਨ ਵਿਚ ਤਤਪਰ ਹਨ; ਅਤੇ ਜੇ ਤਮੋਗੁਣ ਪ੍ਰਧਾਨ ਹੋਣ ਸਮੇ ਦੇਹਿ ਤਿਆਗੇ ਤਾਂ ਮੂੜਾਂ ਵਿਚ ਜਨਮ ਲੈਂਦਾ ਹੈ॥15॥

ਅਛੇ ਕਰਮਾਂ ਦਾ ਫਲ ਸਾਤਿਵਕ[91] ਅਤੇ ਨਿਰਮਲ ਹੈ । ਰਜੋ ਗੁਣ ਦਾ ਫਲ ਦੁੱਖ ਅਤੇ ਤਮ ਗੁਣ ਦਾ ਫਲ ਅਗਿਆਨਤਾ ਹੈ॥16॥

---

[89] ਪ੍ਰਮਾਦ=ਭੁਲ ਜਾਣ ਨੂੰ 'ਪ੍ਰਮਾਦ' ਆਖਦੇ ਹਨ

[90] ਅਨ੍ਹੇਰਾ=ਗਿਆਨ ਦਾ ਨਾਸ ।

[91] ਸਾਤ੍ਵਿਕ=ਸੁਖ, ਗਿਆਨ ਅਤੇ ਵੈਰਾਗ ਆਦਿ।

ਸਤੋ ਗੁਣ ਤੋਂ ਗਿਆਨ, ਰਜੋ ਗੁਣ ਤੋਂ ਲੋਭ, ਤਮੋ ਗੁਣ ਤੋਂ ਪ੍ਰਮਾਦ, ਮੋਹ ਅਤੇ ਅਗਿਆਨ ਪੈਦਾ ਹੁੰਦੇ ਹਨ॥17॥

ਜਿਹੜੇ ਸਤੋ ਗੁਣ ਵਿਚ ਇਸਥਿਤ ਹਨ, ਉਹ ਉਤਮ ਲੋਕ ਵਿਚ ਜਾਂਦੇ ਹਨ, ਰਜੋ ਗੁਣ ਵਾਲੇ ਮਧੱਮ ਗਤੀ ਨੂੰ, ਅਤੇ ਤਮੋ ਗੁਣ ਵਾਲੇ ਨਖਿਧ ਗੁਣਾਂ ਵਿਚ ਲਿਪਤ ਹੋਏ ਹੋਏ ਅਧੋਗਤੀ ਨੂੰ ਜਾਂਦੇ ਹਨ 18॥

ਜਦ ਦ੍ਰਿਸ਼ਟਾ ਗੁਣਾਂ ਤੋਂ ਅਲੱਗ ਹੋਰ ਕੋਈ ਕਰਤਾ ਨਹੀਂ ਦੇਖਦਾ ਅਤੇ ਉਸ ਤੱਤ ਨੂੰ ਜੋ ਗੁਣਾਂ ਤੋਂ ਪਰੇ ਹੈ, ਜਾਣ ਲੈਂਦਾ ਹੈ, ਉਹ ਮੇਰੀ ਗਤੀ ਨੂੰ ਪ੍ਰਾਪਤ ਹੁੰਦਾ ਹੈ॥19॥

ਜਿਨ੍ਹਾਂ ਤਿੱਨਾਂ ਗੁਣਾਂ ਵਿਚੋਂ ਸਾਰੇ ਸਰੀਰ ਉਤਪਨ ਹੁੰਦੇ ਹਨ, ਜਦ ਦੇਹੀ[92] ਉਨ੍ਹਾਂ ਗੁਣਾਂ ਅਤੀਤ ਹੋ ਜਾਂਦਾ ਹੈ, ਤਾਂ ਜਨਮ ਮਰਨ ਬੁਢਾਪਾ ਅਤੇ ਦੁੱਖਾਂ ਤੋਂ ਰਹਿਤ ਤੋਂ ਰਹਿਤ ਹੋ ਕੇ ਅਮਰ ਹੋ ਜਾਂਦਾ ਹੈ॥20॥,

ਅਰਜਨ ਉਵਾਰ :-

ਹੇ ਪ੍ਰਭੋ ! ਜੋ ਇਨ੍ਹਾਂ ਤਿੱਨਾਂ ਗੁਣਾਂ ਤੋਂ ਅਤੀਤ ਹੋ ਗਿਆ ਹੈ, ਉਸ ਦੇ ਕੀ ਚਿੰਨ੍ਹ ਹਨ ? ਉਹ ਕਿਸ ਤਰਾਂ ਕਰਮ ਕਰਦਾ ਹੈ ? ਅਤੇ ਉਹ ਤਿੱਨਾਂ ਗੁਣਾ ਤੋਂ ਪਰੇ ਕਿਸ ਤਰਾਂ ਹੋ ਜਾਂਦਾ ਹੈ ?॥21॥

ਸ੍ਰੀ ਭਗਵਾਨ ਬੋਲੇ :-

ਹੇ ਪਾਂਡਵ ! ਜੋ ਪ੍ਰਕਾਸ਼ ਪ੍ਰਵ੍ਰਿਤੀ ਅਤੇ ਮੋਹ ਦੇ ਪ੍ਰਵ੍ਰਿਤ ਹੋਣ ਤੇ ਨਫਰਤ ਨਾ ਕਰੇ ਅਤੇ ਨਵ੍ਰਿਤ ਹੋਣ ਤੇ ਉਨ੍ਹਾਂ ਦੇ ਹੋਣ ਦੀ ਚਾਹ ਭੀ ਨ ਕਰੇ॥22॥

ਜੋ ਉਦਾਸੀਨ ਹੋ ਕੇ ਇਸਥਿਤ ਹੈ ਅਤੇ ਗੁਣਾਂ ਕਰਕੇ ਹਿਲਦਾ ਨਹੀਂ, ਜੋ ਇਹ ਕਹਿਕੇ ਕਿ 'ਗੁਣ ਹੀ ਵਰਤਦੇ ਹਨ' ਅਚੱਲ ਅਲੱਗ ਰਹਿੰਦਾ ਹੈ। 23॥

---

[92] ਦੇਹੀ=ਜੀਵ ।

ਜੋ ਸੁਅਸਥ ਹੈ, ਸੁੱਖ ਅਤੇ ਦੁੱਖ ਵਿਚ ਇਕੋ ਜੇਹਾ ਹੈ । ਜਿਸ ਨੂੰ ਮਿੱਟੀ, ਪੱਥਰ ਅਤੇ ਸੋਨਾ, ਪਿਆਰਾ ਅਤੇ ਦੁਪਿਆਰਾ, ਉਸਤੱਤ ਅਤੇ ਨਿੰਦਾ ਸਮਾਨ ਹਨ, ਅਤੇ ਜੋ ਧੀਰਜ ਵਾਨ ਹੈ॥24॥

ਜਿਸ ਨੂੰ ਮਾਨ ਅਪਮਾਨ ਬਰਾਬਰ ਹੈ, ਮਿੱਤ੍ਰ ਤੇ ਵੈਰੀ ਲਈ ਇੱਕ ਜੇਹਾ ਹੈ, ਅਤੇ ਸਭ(ਕਰਮ ਦੇ) ਅਰੰਭ ਦਾ ਤਿਆਗੀ ਹੈ, ਐਸੇ ਆਦਮੀ ਨੂੰ ਗੁਣਾਤੀਤ ਆਖਦੇ ਹਨ॥25॥

ਜੋ ਮੈਨੂੰ ਅਖੰਡ ਭਗਤੀ ਯੋਗ ਨਾਲ ਸੇਵੰਦਾ ਹੈ, ਉਹ ਗੁਣਾਤੀਤ ਹੋ ਕੇ ਬ੍ਰਹਮ ਹੋਣ ਦੇ ਯੋਗ ਹੈ॥26॥

ਬ੍ਰਹਮ ਦਾ, ਅਵਿਨਾਸ਼ੀ ਅਤੇ ਅਮ੍ਰਿਤ ਦਾ ਨਿੱਤ ਧਰਮ, ਅਤੇ ਅਖੰਡ ਅਨੰਦ ਦਾ ਮੈਂ ਹੀ ਅਸਥਾਨ ਹਾਂ॥27॥

ਇਤਿ ਸ੍ਰੀ ਤ੍ਰੈ ਗੁਣ ਵਿਭਾਗ ਯੋਗ
ਵਰਣਨ ਨਾਮ ਚੌਧਵਾਂ ਅਧਯਾਯ॥

-0-

# ਪੰਦਰ੍ਹਵੇ ਅਧਯਾਯ ਦਾ ਸਾਰ

ਪਿਛਲੇ ਅਧਯਾਯ ਵਿਚ ਭਗਵਾਨ ਨੇ ਪ੍ਰਕ੍ਰਿਤੀ ਤੇ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਗੁਣਾਂ ਦਾ ਵਿਸਥਾਰ ਪੂਰਵਕ ਬਿਆਨ ਕੀਤਾ ਹੈ। ਇਸ ਅਧਯਾਯ ਵਿਚ ਪੁਰਸ਼ ਅਤੇ ਆਤਮਾ ਦਾ ਬਿਆਨ ਕਰਦੇ ਹਨ । ਭਗਵਾਨ ਦਸਦੇ ਹਨ ਕਿ ਉਨ੍ਹਾਂ ਦਾ ਇਕ ਅੰਸ ਪ੍ਰਕ੍ਰਿਤੀ ਵਿਚ ਇਸਥਿਤ ਹੋਇਆ. ਇੰਦ੍ਰੇ ਮਨ ਆਦਿ ਨੂੰ ਆਪਣੇ ਗਿਰਦੇ ਖਿਚ ਲੈਂਦਾ ਹੈ । ਦੇਹਿ ਤਿਆਗਣ ਯਾ ਦੇਹਿ ਧਾਰਨ ਵੇਲੇ ਉਹ (ਆਤਮਾ) ਇਨ੍ਹਾਂ ਨੂੰ ਆਪਣੇ ਨਾਲ ਇਉਂ ਲੈ ਜਾਂਦਾ ਹੈ ਜਿਵੇਂ ਹਵਾ ਫੁੱਲਾਂ ਦੀ ਖੁਸਬੂ ਨੂੰ। ਅੱਗੇ ਚਲਕੇ ਦਸਦੇ ਹਨ ਕਿ ਪੁਰਸ਼ ਭੀ ਦੋ ਹਨ, ਇਕ ਅਨਾਸ਼ੀ, ਅਖਸ਼ਰ, ਆਤਮਾ, ਦੂਸਰਾ ਉਸ ਦਾ ਉਹ ਅੰਸ਼ ਜੋ ਹਮੇਸ਼ਾਂ ਬਦਲਨ ਵਾਲਾ ਖਸ਼ਰ ਹੈ। ਜੀਵ ਸਭ ਖਸ਼ਰ ਹਨ ਤੇ ਆਤਮਾ ਅਖਸ਼ਰ । ਭਗਵਾਨ ਇਨ੍ਹਾਂ ਦੋਹਾਂ ਤੋਂ ਪਰੇ ਪੁਰਸ਼ੋਤਮ ਕਹਿਲਾਉਂਦੇ ਹਨ।

-0-

## ਪੰਦਰਵਾਂ ਅਧਯਾਯ

ਸ੍ਰੀ ਭਗਵਾਨ ਉਵਾਚ :-

ਇਹ ਸੰਸਾਰ ਰੂਪੀ ਬ੍ਰਿਛ ਅਸ਼ੂਥ ਦੀ ਜੜ ਉੱਪਰ ਨੂੰ ਤੇ ਟਾਹਣੀਆਂ ਹੇਠਾਂ ਨੂੰ ਹਨ । ਇਸ ਦੇ ਪੱਤੇ ਵੇਦ ਦੇ ਛੰਦ ਹਨ । ਜੋ ਅਜੇਹੇ ਸੰਸਾਰ ਦੇ ਤੱਤ ਨੂੰ ਜਾਣਦਾ ਹੈ, ਉਹ ਵੇਦ ਜਾਣਨ ਵਾਲਾ ਹੈ॥1॥

ਇਸ ਦੀਆਂ ਟਹਣੀਆਂ ਗੁਣਾਂ ਨਾਲ ਪਲੀਆਂ ਹੋਈਆਂ ਉਪਰ ਹੇਠਾਂ ਸਾਰੇ ਫੈਲੀਆਂ ਹੋਈਆਂ ਹਨ। ਇੰਦ੍ਰੀਆਂ ਦੇ ਵਿਸ਼ੇ ਇਸ ਦੀਆਂ ਕਰੂੰਬਲਾਂ ਹਨ । ਮਨੁੱਖ ਲੋਕ ਵਿਚ ਕਰਮਾਂ ਦੇ ਬੰਧਨ ਕਰਕੇ ਇਸ ਦੀਆਂ ਜੜਾਂ ਹੇਠਲੇ ਪਾਸੇ ਪੱਕੀਆਂ ਹੁੰਦੀਆਂ ਹਨ॥2॥

ਇਸ ਦਾ ਰੂਪ, ਅੰਤ, ਆਦਿ ਅਤੇ ਜੜਸਥਾਨ ਏਥੇ ਨਹੀਂ ਜਾਣਿਆ ਜਾਂਦਾ, ਕੇਵਲ ਵੈਰਾਗ ਦੇ ਮਜ਼ਬੂਤ ਹਥਿਆਰ ਨਾਲ ਇਹ ਪੱਕੀ ਜੜ ਵਾਲਾ ਸੰਸਾਰ ਰੂਪੀ ਰੁੱਖ ਅਸ੍ਰਥ ਕੱਟਿਆ ਜਾਂਦਾ ਹੈ॥3॥

ਫੇਰ "ਜਿਸ ਆਦਿ ਪੁਰਸ਼ ਦੇ ਵਿਚੋਂ ਇਹ ਪ੍ਰਵ੍ਰਿਤੀ ਹੋਈ ਹੈ ਮੈਂ ਉਸਦੀ ਸ਼ਰਣ ਆਇਆ ਹਾਂ" ਐਸਾ ਕਹਿਕੇ ਉਸ ਪਦ ਨੂੰ ਖੋਜੇ ਕਿ ਜਿਸ ਨੂੰ ਪ੍ਰਾਪਤ ਹੋਕੇ ਨਹੀਂ ਮੁੜਨਾ॥4॥

ਜਿਨ੍ਹਾਂ ਨੂੰ ਮਾਨ ਅਤੇ ਮੋਹ ਨਹੀਂ, ਜਿਨ੍ਹਾਂ ਨੇ ਸੰਗ ਰੂਪੀ ਦੋਸ਼ ਨੂੰ ਜਿੱਤ ਲਿਆ ਹੈ, ਜੋ ਸਦਾ ਆਤਮਾ ਵਿਚ ਲੀਨ ਰਹਿੰਦੇ ਹਨ, ਜਿਨ੍ਹਾਂ ਦੀ ਕਾਮਨਾ ਸਭ ਦੂਰ ਹੋ ਗਈ ਹੈ, ਜੋ ਸੁਖ ਦੁਖ ਆਦਿ ਦ੍ਵੰਦ ਵਿਚੋਂ ਛੁੱਟ ਗਏ ਹਨ, ਉਹੀ ਇਸ ਅਵਿਨਾਸ਼ੀ ਪਦ ਨੂੰ ਪਾਉਂਦੇ ਹਨ॥5॥

ਨਾ ਓਥੇ ਸੂਰਜ ਚਮਕਦਾ ਹੈ ਨਾ ਚੰਦ੍ਰਮਾ, ਤੇ ਨਾ ਅਗਨੀ, ਉਸ ਪਦ ਨੂੰ ਪਹੁੰਚਕੇ ਫੇਰ ਨਹੀਂ ਮੁੜੀਦਾ, ਉਹ ਮੇਰਾ ਪਰਮ ਧਾਮ ਹੈ॥6॥

ਇਸ ਜੀਵ ਲੋਕ ਵਿਚ ਮੇਰਾ[93] ਹੀ ਅੰਸ਼ ਸਨਾਤਨ ਜੀਵ ਹੋਕੇ ਪ੍ਰਕ੍ਰਿਤੀ ਵਿਚ ਇਸਥਿਤ ਹੋਏ (ਪੰਜੇ) ਇੰਦ੍ਰੀਆਂ ਤੇ ਛੇਵੇਂ ਮਨ ਨੂੰ ਆਪਣੇ ਗਿਰਦੇ ਖਿਚਦਾ ਹੈ॥7॥

ਜਦ (ਇਸ ਦੇਹਿ ਦਾ) ਸੁਆਮੀ[94] ਸਰੀਰ ਧਾਰਨ ਕਰਦਾ ਹੈ, ਅਤੇ ਜਦ ਉਹ ਉਸ ਨੂੰ ਤਿਆਗਦਾ[95] ਹੈ, ਤਦ ਇਨ੍ਹਾਂ (ਇੰਦ੍ਰੀਆ ਮਨ) ਨੂੰ ਨਾਲ ਇਸ ਤਰਾ ਲੈ ਜਾਂਦਾ ਹੈ ਜਿਸਤਰਾਂ ਹਵਾ ਸੁਗੰਦੀ ਨੂੰ ਲੈਕੇ ਦੂਸਰੀ ਜਗਾ ਜਾਂਦੀ ਹੈ॥8॥

ਇਹ (ਜੀਵ) ਕੱਨ, ਅੱਖਾਂ, ਸਪਰਸ਼, ਜੀਭ, ਨੱਕ ਅਤੇ ਮਨ ਇਨ੍ਹਾਂ ਸਭਨਾ ਦੁਆਰਾ ਵਿਸ਼ਿਆਂ ਨੂੰ ਭੋਗਦਾ ਹੈ॥9॥

ਮੂੜ ਨਹੀਂ ਦੇਖ ਸਕਦੇ ਕਿ ਉਹ ਗੁਣਾਂ ਨਾਲ ਯੁਕਤ ਹੋਕੇ ਕਿਸ ਤਰਾਂ ਜਾਂਦਾ ਰਹਿੰਦਾ ਯਾ ਭੋਗਦਾ ਹੈ। ਗਿਆਨ ਦੀ ਅੱਖ ਰੱਖਣ ਵਾਲੇ ਇਹ ਸਭ ਦੇਖਦੇ ਹਨ॥10॥

ਯੋਗੀ ਜੋ ਅਜੇ ਯਤਨ ਕਰ ਰਹੇ ਹਨ, ਆਤਮਾ ਵਿਚ ਇਸਥਿਤ ਹੋਕੇ ਭੀ ਇਸ ਨੂੰ ਦੇਖਦੇ ਹਨ, ਪਰ ਅਵਿਵੇਕੀ ਅਤੇ ਅਸ਼ੁੱਧ ਅੰਤਸ਼ਕਰਨ ਵਾਲੇ ਯਤਨ ਕਰਦੇ ਹੋਏ ਭੀ ਇਸਨੂੰ ਨਹੀਂ ਦੇਖ ਸਕਦੇ॥11॥

ਸੂਰਜ ਦੇ ਵਿੱਚ ਜੋ ਤੇਜ ਸਾਰੇ ਜਗਤ ਨੂੰ ਪ੍ਰਕਾਸ਼ਤ ਕਰਦਾ ਹੈ ਅਤੇ ਜੋ ਚੰਦ੍ਰਮਾ ਤੇ ਅਗਨੀ ਵਿਚ ਹੈ, ਉਹ ਸਭ ਮੇਰਾ ਹੀ ਤੇਜ ਜਾਣ॥12॥

ਮੈਂ ਹੀ ਪ੍ਰਿਥਵੀ ਵਿਚ ਪ੍ਰਵੇਸ਼ ਕਰਕੇ ਆਪਣੇ ਪ੍ਰਭਾਵ ਨਾਲ ਸਭ ਜੀਵਾਂ ਨੂੰ ਧਾਰਨ ਕਰਦਾ ਹਾਂ, ਅਤੇ ਸੋਮ ਰੂਪੀ ਰਸ ਹੋ ਕੇ ਸਭ ਔਸ਼ਧੀਆਂ ਨੂੰ ਸਫਲ ਕਰਦਾ ਹਾਂ॥13॥

ਮੈਂ ਹੀ ਵੈਸ਼੍ਵਾਨਲ[96] ਹੋ ਕੇ ਜੀਵਾਂ ਦੀ ਦੇਹ ਵਿਚ ਪ੍ਰਵੇਸ਼ ਕਰਦਾ ਹੋਇਆ, ਪ੍ਰਾਣ ਅਪਾਨ ਵਾਯੂ ਨਾਲ ਮਿਲ ਕੇ ਚਾਰੋਂ ਪ੍ਰਕਾਰ ਦੇ ਅੱਨ ਨੂੰ ਪਚਾਉਂਦਾ ਹਾਂ।। 14॥

---

[93]ਇਹੀ ਜੀਵ ਆਤਮਾ ਹੈ।

[94] ਸੁਆਮੀ=ਜੀਵ ਆਤਮਾ।

[95] ਸਰੀਰ ਧਾਰਨ ਲੱਗਿਆਂ ਲੈ ਆਂਉਂਦਾ ਹੈ ਤੇ ਤਿਆਗਣ ਲੱਗਿਆਂ ਨਾਲ ਲੈ ਜਾਂਦਾ ਹੈ।

[96] ਵੈਸ਼ਾਨਲ=ਜਨਰਾਗਨੀ।

ਮੈਂ ਸਭ ਦੇ ਹਿਰਦੇ ਵਿਚ (ਅੰਤ ਯਾਮੀ ਹੋ ਕੇ) ਇਸਥਿਤ ਹਾਂ ਮੇ ਤੋਂ ਹੀ ਸਿਮ੍ਰਤੀ ਗਿਆਨ ਅਤੇ ਇਨ੍ਹਾਂ ਦਾ ਨਾ ਹੋਣਾ ਭੀ ਹੈ । ਜੋ ਸਾਰੇ ਵੇਦਾਂ ਵਿਚ ਜਾਣਨੇ ਯੋਗ ਵਸਤੂ ਹੈ, ਉਹ ਮੈਂ ਹਾਂ। ਵੇਦਾਂਤ ਦਾ ਕਰਤਾ ਅਤੇ ਵੇਦ ਨੂੰ ਜਾਣਨ ਵਾਲਾ ਮੈਂ ਹਾਂ॥15॥

ਇਸ ਲੋਕ ਵਿਚ, ਦੋ ਪ੍ਰਕਾਰ ਦੇ ਪੁਰਸ਼ ਹਨ । ਇਕ ਨਾਸ਼ ਹੋਣ ਵਾਲਾ ਦੂਜਾ ਅਨਾਬੀ, ਸਭ ਜੀਵ ਨਾਸ਼ਵੰਤ ਹਨ ਅਤੇ ਅਨਾਸ਼ੀ ਨੂੰ ਕੂਟਸਥ ਆਖਦੇ ਹਨ॥16॥

ਇਨ੍ਹਾਂ ਤੋਂ ਪਰੇ ਹੋਰ ਪੁਰਸ਼ ਹੈ ਜਿਸ ਨੂੰ ਪਰਮ ਆਤਮਾ ਆਖਦੇ ਹਨ, ਜੋ ਸਭ ਵਿਚ ਵਿਆਪਕ ਤਿਹਾਂ ਲੋਕਾਂ ਦਾ ਆਸਰਾ ਤੇ ਅਵਿਨਾਸ਼ੀ ਹੈ॥17॥

ਮੈਂ ਨਾਸ਼ਵੰਤੋਂ ਪਰੇ ਤੇ ਅਨਾਸ਼ੀ ਤੋਂ ਭੀ ਉੱਤਮ ਹਾਂ ਇਸ ਲੋਕ ਵਿੱਚ ਤੇ ਵੇਦ ਵਿਚ ਮੈਨੂੰ ਪੁਰਸ਼ੋਤਮ[97] ਕਿਹਾ ਹੈ॥18॥

ਹੇ ਭਾਰਤ ! ਜੋ ਮੋਹ ਤੋਂ ਛੁੱਟ ਕੇ ਮੈਨੂੰ ਐਸਾ ਪੁਰਸ਼ੋਤਮ ਜਾਣਦਾ ਹੈ, ਉਹ ਸਰਵ ਗਿਆਤਾ ਸਭ ਭਾਵ ਨਾਲ ਮੈਨੂੰ ਭਜਦਾ ਹੈ॥19॥

ਹੇ ਨਿਸ਼ ਪਾਪ ਭਾਰਤ ! ਇਹ ਅਤੀ ਗੁਪਤ ਉਪਦੇਸ਼ ਮੈਂ ਸੁਣਾਇਆ ਹੈ, ਇਸ ਨੂੰ ਜਾਣ ਕਰਕੇ ਆਦਮੀ ਗਿਆਨੀ ਹੋ ਜਾਂਦਾ ਹੈ, ਅਤੇ ਉਸ ਦਾ ਸਭ ਕਰਤੱਵਯ ਪੂਰਾ ਹੋ ਜਾਂਦਾ ਹੈ॥20॥

ਇਤਿ ਸ਼੍ਰੀ ਪੁਰਸ਼ੋਤਮ ਯੋਗ
ਵਰਣਨ ਨਾਮ ਅੰਦਰੁਵਾਂ ਅਧਯਾਯ।

-0-

---

[97] ਜੋ ਸਤਾਰ੍ਹਵੇਂ ਸਲੋਕ ਵਿਚ ਪਰਮ ਆਤਮਾ ਆਇਆ ਹੈ ਇਸ ਸਲੋਕ ਵਿਚ ਮੈਂ ਯਾ 'ਪੁਰਸ਼ੋਤਮ' ਭੀ ਉਹੀ ਹੈ।

## ਸੋਲਵੇਂ ਅਧਯਾਯ ਦਾ ਸਾਰ

ਇਸ ਵਿਚ ਜੀਵਾਂ ਦੇ ਦੁਭਾਂਤੀ (ਸੁਰੀ ਤੇ ਅਸੁਰੀ) ਸੁਭਾਵਾਂ ਦਾ ਜ਼ਿਕਰ ਕਰਦੇ ਹੋਏ, ਸੁਰੀ ਸੁਭਾਵ ਵਾਲੇ ਵਿਚ ਹੋਣ ਵਾਲੇ ਗੁਣਾਂ ਤੇ ਅਸੁਰੀ ਸੁਭਾਵ ਵਾਲੇ ਵਿਚ ਵੱਸਣ ਵਾਲੇ ਅਵਗੁਣਾਂ ਦਾ ਜ਼ਿਕਰ ਕਰਦੇ ਹਨ। ਫੇਰ ਦੱਸਦੇ ਹਨ ਕਿ ਦੈਵੀ ਸੁਭਾਵ ਵਾਲੇ-ਜਿਸ ਸੁਭਾਵ ਦਾ ਕਿ ਅਰਜਨ ਹੈ—ਕਿਸ ਤਰਾਂ ਨਾਲ ਧਰਮਾਨੁਸਾਰ ਕਰਮ ਅਤੇ ਅਸੁਰੀ ਸੁਭਾਵ ਵਾਲੇ ਕਿਸ ਤਰਾਂ ਨਾਲ ਕੁਕਰਮ ਕਰਦੇ ਹਨ ? ਇਹ ਕੁਕਰਮੀ ਅੱਛੇ ਕਰਮ ਨੂੰ ਭੀ ਆਪਣੇ ਅਹੰਕਾਰ ਨਾਲ ਕੁਕਰਮ ਹੀ ਬਣਾ ਲੈਂਦੇ ਹਨ। ਅੰਤ ਵਿਚ ਦੱਸਦੇ ਹਨ ਕਿ ਨਰਕ ਦਾ ਤ੍ਰਿਬਿਧ ਦਰਵਾਜ਼ਾ ਹੈ । ਕਾਮ ਕ੍ਰੋਧ ਅਤੇ ਲੋਭ ਕਰਕੇ ਆਪਣੇ ਆਪ ਦਾ ਨਾਸ ਹੁੰਦਾ ਹੈ।

-0-

## ਸੋਲਵਾਂ ਅਧਯਾਯ

ਸ੍ਰੀ ਭਗਵਾਨ ਉਵਾਚ :-

ਨਿਰਭੈਤਾ, ਚਿੱਤ ਦੀ ਸ਼ੁੱਧੀ, ਆਤਮ ਗਿਆਨ ਵਿੱਚ ਨਿਸ਼ਟਾ, ਦਾਨੁ, ਇੰਦ੍ਰੀਆਂ ਦਾ ਦਮਨ, ਯੱਗ, ਸ਼ਾਸਤ੍ਰ ਵਿਚਾਰ, ਤਪ ਸਰਲਤਾ॥1॥

ਅਹਿੰਸਾ, ਸਤ, ਕ੍ਰੋਧ ਰਹਿਤ, ਤਿਆਗ, ਸ਼ਾਂਤੀ, ਅਪੈਸ਼ੁਨ, ਸਭ ਜੀਵਾਂ ਉਤੇ ਦਯਾ ਕਰਨੀ, ਵਿਸ਼ਿਆਂ ਵਿਚ ਲਿਪਤ ਨਾ ਹੋਣਾ, ਸੁਭਾਵ ਵਿਰ ਕਮੋਲਤਾ, ਸ਼ਰਮ, ਚਪਲਤਾ ਦਾ ਨਾ ਹੋਣਾ॥12॥

ਤੇਜ, ਖਿਮਾ, ਧੀਰਜ, ਪਵਿੱਤ੍ਰਤਾ, ਕਿਸੇ ਨਾਲ ਧ੍ਰੋਹ ਨਾ ਕਰਨਾ, ਤੇ ਅਭਿਮਾਨ ਰਹਿਤ ਹੋਣਾ, ਹੇ ਭਾਰਤ ! ਦੈਵੀ ਸੰਪਤੀ ਵਾਲੇ ਵਿਚ ਇਹ ਗੁਣ ਜਨਮ ਤੋਂ ਹੁੰਦੇ ਹਨ॥3॥

ਹੇ ਪਾਰਥ ! ਪਖੰਡ, ਘੁਮੰਡ, ਅਭਿਮਾਨ, ਕ੍ਰੋਧ, ਕਠੋਰਤਾ ਤੇ ਅਗਿਆਨਤਾ ਇਹ ਸਭ ਅਸੁਰੀ ਸੰਪਤੀ ਵਾਲੇ ਵਿੱਚ ਹੁੰਦੇ ਹਨ॥4॥

ਦੈਵੀ ਸੰਪਤੀ ਦੇ ਗੁਣ ਨਿਰਬੰਧ ਕਰਦੇ ਹਨ, ਅਤੇ ਅਸੁਰੀ ਬੰਧਨ ਵਿੱਚ ਪਾਉਂਦੇ ਹਨ। ਹੇ ਪਾਂਡਵ ! ਤੂੰ ਸੋਚ ਨਾ ਕਰ, ਕਿਉਂਕਿ ਤੂੰ ਦੈਵੀ ਗੁਣ ਲੈ ਕੇ ਜਨਮਿਆਂ ਹੈਂ॥5॥

ਹੇ ਪਾਰਥ ! ਇਸ ਲੋਕ ਵਿਚ ਦੋ ਪ੍ਰਕਾਰ ਦੇ ਜੀਵਾਂ ਦੀ ਉਤਪਤੀ ਹੈ, ਦੈਵੀ ਅਤੇ ਅਸੁਰੀ। ਦੈਵੀ ਸੰਬੰਧੀ ਵਿਸਥਾਰ ਪੂਰਵਕ ਕਹਿ ਚੁਕੇ ਹਾਂ, ਹੁਣ ਅਸੁਰੀ ਬਾਬਤ ਸੁਣ॥6॥

ਅਸੁਰੀ ਸੁਭਾਵਾਂ ਵਾਲੇ ਆਦਮੀ ਸੰਸਾਰਕ ਧਰਮਾਂ ਵਿਚ ਨਾ ਪ੍ਰਵ੍ਰਿਤ ਹੋਣਾ ਤੇ ਨਾ ਹੀ ਉਨ੍ਹਾਂ ਵਿਚੋ ਨਿਵ੍ਰਿਤ ਹੋਣਾ ਜਾਣਦੇ ਹਨ। ਨਾ ਉਨ੍ਹਾਂ ਵਿਚ ਪਵਿੱਤ੍ਰਤਾ ਆਚਾਰ ਨਾ ਸੱਤ ਹੁੰਦਾ ਹੈ॥7॥

ਉਹ ਆਖਦੇ ਹਨ ਕਿ ਇਹ ਜਗਤ ਅਸੱਤ, ਨਿਰਾਧਾਰ ਤੇ ਨਿਰੀਸ਼੍ਵਰ ਹੈ ਪਰਸਪਰ ਮੇਲ ਤੇ ਕਾਮ ਨਾਲ ਉਤਪਨ ਹੋਇਆ ਹੋਇਆ ਹੈ॥8॥

ਇਹ ਨਸ਼ਟ ਚਿੱਤ ਆਤਮਾ ਅਤੇ ਤੁੱਛ ਬੁੱਧੀ ਵਾਲੇ, ਕ੍ਰੂਰ ਕਰਮ ਕਰਨ ਵਾਲ, ਜਗ ਦੇ ਵੈਰੀ ਜਗਤ ਦਾ ਨਾਸ ਕਰਨ ਲਈ ਪੈਦਾ ਹੁੰਦੇ ਹਨ॥9॥

ਇਹ ਦੰਭ, ਮਾਨ, ਅਤੇ ਮਦ ਨਾਲ ਯੁਕਤ ਹੋਏ ਹੋਏ, ਕਾਮਨਾ—ਜਿਸ ਤੋਂ ਕਦੀ ਭੀ ਨਹੀਂ ਰਜ ਆਉਂਦਾ—ਦੇ ਵੱਸ ਹੋ ਕੇ ਮੋਹ ਨਾਲ ਬੁਰੇ ਖਿਆਲ ਰਖਦੇ ਹੋਏ ਅਸ਼ੁੱਧ ਭਾਵਨਾ ਨਾਲ ਕਰਮ ਕਰਦੇ ਹਨ॥10॥

ਇਹ ਮਰਨ ਤਕ ਅਨੇਕ ਪ੍ਰਕਾਰ ਦੀ ਚਿੰਤਾ ਵਿਚ ਪਏ ਰਹਿੰਦੇ ਹਨ, ਅਤੇ ਕਾਮਨਾ ਦੇ ਭੋਗ ਨੂੰ ਹੀ ਪਰਮ ਮੰਨਦੇ ਹਨ॥11॥

ਸੈਆਂ ਆਸਾ ਰੂਪੀ ਫਾਸ ਨਾਲ ਬੱਝੇ ਹੋਏ ਕਾਮ ਕ੍ਰੋਧ ਦੇ ਆਸਰੇ ਵਿਸ਼ੇ ਭੋਗਾਂ ਲਈ, ਅਨਿਆਇ ਕਰ ਕਰਕੇ ਧਨ ਇਕੱਠਾ ਕਰਦੇ ਹਨ॥12॥

ਅੱਜ ਮੈਂ ਆਹ ਕੁਛ ਲਭਿਆ ਹੈ, ਆਹ ਕੁਛ ਮੈਂ ਹਾਸਲ ਕਰ ਲਵਾਂਗਾ ਅਜ ਐਨਾ ਧਨੁ ਮੇਰਾ ਹੈ, ਕਲ ਨੂੰ ਇਹ ਮੇਰਾ ਹੋ ਜਾਊ॥13॥

ਏਸ ਵੈਰੀ ਨੂੰ ਮੈਂ ਮਾਰ ਲਿਆ ਹੈ, ਦੂਜਿਆਂ ਦੁਸ਼ਮਣਾਂ ਨੂੰ ਭੀ ਮੈਂ ਮਾਰ ਲਵਾਂਗਾ, ਈਸ਼੍ਵਰ ਮੈਂ ਭਗੋਤਾ ਹਾਂ, ਮੈਂ ਸਿੱਧ ਬਲਵਾਨ ਅਤੇ ਸੁਖੀ ਹਾਂ॥14॥

ਮੈਂ ਧਨੀ ਹਾਂ, ਉੱਚ ਕੁਲ ਦਾ ਹਾਂ, ਮੇਰੇ ਵਰਗਾ ਹੋਰ ਕੌਣ ਹੈ ? ਮੈਂ ਯੱਗ ਕਰਦਾ ਹਾਂ, ਮੈਂ ਦਾਨੀ ਹਾਂ । ਮੈਂ ਖੁਸ਼ ਰਹਿੰਦਾ ਹਾਂ, ਇਸ ਤਰਾਂ ਅਗਿਆਨ ਨਾਲ ਮੋਹਤ ਹੋਏ ਹੋਏ॥15॥

ਅਨੇਕ ਚਿਤਵਨਾ ਨਾਲ ਭਰਮੇ ਹੋਏ, ਮੋਹ ਜਾਲ ਵਿਚ ਫਸੇ ਹੋਏ, ਕਾਮਨਾ ਦੇ ਭੋਗ ਵਿਚ ਹੀ ਰਤਿ ਇਹ ਘੋਰ ਨਰਕ ਵਿਚ ਡਿਗਦੇ ਹਨ॥16॥

ਆਪਣੇ ਆਪ ਨੂੰ ਸਭ ਤੋਂ ਅੱਛਾ ਮੰਨਣ ਵਾਲੇ ਹਠੀ, ਧਨ ਤੇ ਮਾਨ ਦੇ ਨਸ਼ੇ ਵਾਲੇ, ਧਾਰਮਕ ਬਿਧੀ ਨੂੰ ਛੱਡਕੇ ਪਾਖੰਡ ਨਾਲ ਕੇਵਲ ਨਾਮ ਮਾਤ੍ਰ ਯੱਗ ਕਰਦੇ ਹਨ॥17॥

ਅਹੰਕਾਰ, ਬਲ, ਗਰਭ, ਕਾਮ, ਕ੍ਰੋਧ ਨਾਲ ਭਰੇ ਹੋਏ ਇਹ ਪਾਪੀ ਆਦਮੀ, ਮੈਨੂੰ ਆਪਣੇ ਅਤੇ ਹੋਰਾਂ ਦੀ ਦੇਹਿ ਵਿਚ ਵਸਦੇ ਹੋਏ ਨੂੰ ਘ੍ਰਿਣਾ ਕਰਦੇ ਹਨ । 18॥

ਇਨ੍ਹਾਂ ਦੋਖੀਆਂ ਕ੍ਰੂਰਾਂ ਨਿਰਦਈ ਜਗਤ ਦੇ ਆਦਮੀਆਂ ਵਿਚੋਂ ਬੜੇ ਨੀਚ, ਇਨ੍ਹਾਂ ਨੂੰ ਮੈਂ ਸਦਾ ਅਸੁਰੀ ਜੂਨ ਵਿਚ ਜਨਮ ਲੈਣ ਲਈ ਹੀ ਭੇਜਦਾ ਹਾਂ॥19॥

ਹੇ ਕੌਂਤੇਯ ! ਇਹ ਮੂੜ ਅਸੁਰੀ ਜੂਨ ਵਿਚ ਹੀ ਜਨਮ ਜਨਮ ਕੇ, ਮੈਨੂੰ ਨਾ ਪਾ ਕੇ ਬੜੀ ਨੀਚ ਗਤੀ ਨੂੰ ਪ੍ਰਾਪਤ ਹੁੰਦੇ ਹਨ॥20॥

ਕਾਮ, ਕ੍ਰੋਧ ਅਤੇ ਲੋਭ ਇਹ ਤਿੱਨੇ ਨਰਕ ਦੇ ਦਰਵਾਜ਼ੇ ਅਤੇ ਆਪਣਾ ਨਾਸ ਕਰਨ ਵਾਲੇ ਹਨ, ਇਸ ਲਈ ਇਹ ਤਿੱਨੇ ਤਿਆਗਣੇ ਚਾਹੀਦੇ ਹਨ॥21॥

ਹੇ ਕੌਂਤੇਯ ! ਜੋ ਆਦਮੀ ਇਨ੍ਹਾਂ ਅੰਧਕਾਰ ਦੇ ਤਿਨਾ ਦੁਆਰਿਆਂ ਤੋਂ ਛੁੱਟ ਜਾਏ, ਉਹ ਆਪਣੇ ਆਪ ਦਾ ਭਲਾ ਕਰਦਾ ਹੈ, ਅਤੇ ਤਦ ਪਰਮ ਗਤੀ ਨੂੰ ਪੁੱਜਦਾ ਹੈ॥22॥

ਜੋ ਆਦਮੀ ਧਰਮ ਰੀਤਿ ਨੂੰ ਤਿਆਗ ਕੇ ਕਾਮਨਾ ਪਿੱਛੇ ਲੱਗ ਜਾਂਦਾ ਹੈ, ਉਹ ਨਾ ਸਿੱਧੀ ਨਾ ਸੁਖ ਤੇ ਨਾ ਹੀ ਪਰਮ ਗਤੀ ਨੂੰ ਪਾਉਂਦਾ ਹੈ॥23॥

ਕਰਨੇ ਅਤੇ ਨਾ ਕਰਨੇ ਯੋਗ ਵਿਵਸਥਾ ਵਿੱਚ ਸ਼ਾਸ੍ਤ[98] ਨੂੰ ਪ੍ਰਮਾਣ ਕਰੁ,ਅਤੇ ਸ਼ਾਸਤ੍ਰ ਬਿਧਿ ਨਾਲ ਨੀਯਤ ਕੀਤੇ ਹੋਏ ਕਰਮ ਕਰ॥24॥

ਇਤਿ ਸ਼੍ਰੀ ਸੁਰਾਸੁਰ ਸੰਪਦ ਵਿਭਾਗ ਯੋਗ ਵਰਨਣ

ਨਾਮ ਸੋਲ੍ਹਵਾਂ ਅਧਯਾਯ॥

-0-

[98] ਸ਼ਾਸਤ੍ਰ=ਆਪਣੇ ਧਰਮ ਦੇ ਸ਼ਾਸਤ੍ਰ ਅਨੁਸਾਰ ।

## ਸਤਾਰ੍ਹਵੇਂ ਅਧਯਾਯ ਦਾ ਸਾਰ

ਭਗਵਾਨ ਦੱਸਦੇ ਹਨ ਕਿ ਹਰ ਇਕ ਆਦਮੀ ਆਪਣੀ ਸ਼੍ਰਧਾ ਦੇ ਮੁਤਾਬਕ ਹੁੰਦਾ ਹੈ, ਅਤੇ ਇਹ ਸ਼੍ਰਧਾ ਗੁਣਾਂ ਦੇ ਘਟਣ ਵਧਣ ਤੇ ਨਿਰਭਰ ਹੈ। ਅੱਗੇ ਫੇਰ ਵਿਸਥਾਰ ਪੂਰਵਕ ਸਤੋ, ਰਜੋ ਤੇ ਤਮੋ, ਇਕ ਇਕ ਗੁਣ ਦੇ ਵਧਣ ਤੇ ਘਟਣ ਦੇ ਨਾਲ ਕਰਮਾਂ ਦਾ ਵਿਭਾਗ ਕਰਕੇ ਦੱਸਦੇ ਹਨ।

-0-

## ਸਤਾਰ੍ਹਵਾਂ ਅਧਯਾਯ

ਅਰਜਨ ਉਵਾਚ :-

ਹੇ ਕ੍ਰਿਸ਼ਨ ! ਜਿਹੜੇ ਆਦਮੀ ਸ਼ਾਸਤ੍ਰ ਬਿਧੀ ਨੂੰ ਛੱਡ ਦਿੰਦੇ ਹਨ, ਪਰ ਸ਼੍ਰਧਾ ਪੂਰਵਕ ਯੱਗ ਆਦਿ ਕਰਦੇ ਹਨ, ਉਨ੍ਹਾਂ ਦੀ ਕੀ ਗਤੀ ਹੈ ? ਉਨ੍ਹਾਂ ਦੀ ਪ੍ਰਵ੍ਰਿਤੀ ਸਾਤਿਵਕ ਹੈ ਕੇ ਰਾਜਸਿਕ ਕੇ ਤਾਮਸਿਕ ?॥1॥

ਸ੍ਰੀ ਭਗਵਾਨ ਬੋਲੇ :-

ਸੁਭਾਵ ਅਨੁਸਾਰ ਲੋਕਾਂ ਦੀ ਸ਼੍ਰਧਾ ਤਿੱਨ ਪ੍ਰਕਾਰ ਦੀ ਹੁੰਦੀ ਹੈ ਸਾਤਿਵਕੀ, ਰਾਜਸੀ ਅਤੇ ਤਾਮਸੀ । ਸੋ ਮੇਰੇ ਪਾਸੋਂ ਸੁਣੁ॥2॥

ਹੇ ਭਾਰਤ ! ਹਰ ਇਕ ਦੀ ਸ਼੍ਰਧਾ ਉਸਦੀ ਪ੍ਰਕ੍ਰਿਤੀ ਅਨੁਸਾਰ ਹੁੰਦੀ ਹੈ । ਜੇਹੋ ਜੇਹੀ ਕਿਸੇ ਦੀ ਪ੍ਰਕ੍ਰਿਤੀ ਹੈ ਓਹੋ ਜੇਹੀ ਉਸ ਦੀ ਸ਼੍ਰਧਾ । ਆਦਮੀ ਸ਼੍ਰਧਾ ਅਨੁਸਾਰ ਹੀ ਹੋ ਜਾਂਦਾ ਹੈ॥3॥

ਸਤੋਗੁਣੀ ਦੇਵਤਿਆਂ ਨੂੰ ਪੂਜਦੇ ਹਨ, ਰਜੋਗੁਣੀ ਯੱਖਾਂ ਤੇ ਰਾਖਸ਼ਾਂ ਨੂੰ ਅਤੇ ਹੋਰ ਤਾਮਸੀ ਲੋਕ ਭੂਤਾਂ ਪ੍ਰੇਤਾ ਆਦਿ ਨੂੰ ਪੂਜਦੇ ਹਨ॥4॥

ਜੋ ਲੋਕ ਦੰਭ, ਅਹੰਕਾਰ, ਕਾਮ, ਵਿਸ਼ੇ ਅਤੇ ਬਲ ਸੰਯੁਕਤ ਸ਼ਾਸਤ੍ਰ ਬਿਧੀ ਵਿਰੁੱਧ ਘੋਰ ਤਪ ਕਰਦੇ ਹਨ॥5॥

ਉਹ ਮੂਰਖ ਪੰਜਾਂ ਭੂਤਾਂ ਦੇ ਸਰੀਰ ਨੂੰ ਅਤੇ ਮੈਨੂੰ ਭੀ-ਜੋ ਅੰਤਸ਼ਕਰਣ ਵਿਚ ਇਸਥਿਤ ਹਾਂ—ਦੁਖ ਦਿੰਦੇ ਹਨ, ਇਨ੍ਹਾਂ ਨੂੰ ਅਸੁਰੀ ਇਰਾਦੇ ਵਾਲੇ ਜਾਣੁ॥6॥

ਭੋਜਨ ਭੀ ਜੋ ਜੋ ਕਿਸੇ ਨੂੰ ਅੱਛਾ ਲਗਦਾ ਹੈ ਉਹ ਤਿੱਨ ਪ੍ਰਕਾਰ ਦਾ ਹੈ । ਅਤੇ ਯੱਗ ਤਪ ਦਾਨ ਭੀ ਤਿੱਨ ਪ੍ਰਕਾਰ ਦੇ ਹਨ । ਇਨ੍ਹਾਂ ਦੇ ਭੇਦ ਨੂੰ ਸੁਣ॥7॥

ਉਮਰ. ਸਤ, ਬਲ, ਅਰੋਗਤਾ, ਸੁਖ ਅਤੇ ਪ੍ਰੀਤ ਨੂੰ ਵਧਾਉਣ ਵਾਲੇ ਰਸ, ਅਤੇ ਚਿਕਨਾਹਟ ਨਾਲ ਯੁਕਤ ਆਪਣੇ ਰਸ ਅੰਸ ਨਾਲ ਦੇਰਿ ਤਕ ਦਹਿ ਵਿਚ ਰਹਿਣ ਵਾਲੇ ਅਤੇ ਮਨ ਖੁਸ਼ ਕਰਨ ਵਾਲੇ ਅਹਾਰ, ਸਾਤ੍ਵਕੀ ਲੋਕਾਂ ਨੂੰ ਅੱਛੇ ਲਗਦੇ ਹਨ॥੪॥

ਕੌੜੇ, ਖੱਟੇ, ਲੂਣ ਵਾਲੇ, ਬਹੁਤ ਮਿਰਚਾਂ ਮਸਾਲੇ ਵਾਲੇ, ਤੇਜ ਖੁਸ਼ਕ, ਜਲਨ ਪੈਦਾ ਕਰਨ ਵਾਲੇ ਖਾਣੇ, ਰਜੋ ਗੁਣ ਵਾਲਿਆਂ ਨੂੰ ਚੰਗੇ ਲਗਦੇ ਹਨ । ਜਿਨ੍ਹਾਂ ਦੇ ਖਾਣ ਨਾਲ ਦੁੱਖ ਰੋਗ ਅਤੇ ਸੋਕ ਪੈਦਾ ਹੁੰਦੇ ਹਨ॥9॥

ਅੱਧਾ ਪੱਕਾ, ਰਸ ਹੀਨ, ਸੜਿਆ ਹੋਇਆ[99], ਬਾਸੀ, ਜੂਠਾ, ਗੰਦਾ ਖਾਣਾ, ਤਮੋ ਗੁਣ ਵਾਲਿਆਂ ਨੂੰ ਅੱਛਾ ਲਗਦਾ ਹੈ॥10॥

ਜੋ ਯੱਗ ਸ਼ਾਸਤ੍ਰ ਅਨੁਸਾਰ ਫਲ ਦੀ ਵਾਸ਼ਨਾ ਤਿਆਗਕੇ, ਇਸੇ ਲਈ ਕੀਤਾ ਜਾਵੇ ਕਿ ਇਸ ਦਾ ਕਰਨਾ ਧਰਮ ਹੈ, ਇਹ ਸਾਤਵਕੀ ਹੈ॥11

ਹੇ ਭਾਰਤ ਸ੍ਰੇਸ਼ਟ ! ਜੋ ਯੱਗ ਫਲ ਦੀ ਵਾਸ਼ਨਾ ਕਰਕੇ ਅਤੇ ਦੰਭ ਅਰਥ ਕੀਤਾ ਜਾਵੇ, ਉਹ ਰਾਜਸੀ ਹੈ॥12॥

ਸ਼ਾਸਤ੍ਰ ਬਿਧੀ ਤੋਂ ਹੀਨ, ਅੱਨ ਦਾਨ ਤੋਂ ਰਹਿਤ, ਮੰਤ੍ਰ ਤੋਂ ਬਿਨਾ, ਦਛਣਾ ਬਗੈਰ ਅਤੇ ਸ਼੍ਰਧਾ ਬਿਹੀਨ ਜੋ ਯੱਗ ਕੀਤਾ ਜਾਵੇ, ਉਹ ਤਾਮਸੀ ਹੈ॥13॥

ਦੇਵਤਾ, ਬ੍ਰਹਮਣ, ਗੁਰੂ ਅਤੇ ਗਿਆਨੀਆਂ ਦਾ ਪੂਜਨ, ਸਫਾਈ, ਸਰਲਤਾ ਬ੍ਰਹਮ-ਚਰਯ, ਅਹਿੰਸਾ ਇਹ ਸਰੀਰਕ ਤਪ ਕਹਾਉਂਦੇ ਹਨ॥14॥

ਜਿਸ ਬਚਨ ਕਰਕੇ ਕਿਸੇ ਦਾ ਚਿੱਤੁ ਨਾ ਦੁਖੇ, ਜੋ ਸੱਚਾ ਹੋਵੇ, ਸੁਣਨ ਵਾਲਿਆਂ ਨੂੰ ਅੱਛਾ ਲੱਗੇ, ਸ਼ਾਸਤ੍ਰ ਵਿਚਾਰ ਤੇ ਪੜ੍ਹਨ ਦਾ ਅਭਿਆਸ ਕਰਨਾ, ਜ਼ਬਾਨ ਦਾ ਤਪ ਕਹਾਉਂਦਾ ਹੈ॥15॥

ਮਨ ਦਾ ਟਿਕਾਉ, ਸ਼ਾਂਤ ਭਾਵ, ਘੱਟ ਬੋਲਣਾ, ਆਪੇ ਤੇ ਕਾਬੂ, ਭਾਵ ਦੀ ਸ਼ੁੱਧੀ, ਇਹ ਮਨ ਦਾ ਤਪ ਕਹਾਉਂਦਾ ਹੈ॥16॥

---

[99] ਸੜਿਆ ਹੋਇਆ=ਬੋ ਵਾਲਾ ।

ਇਹ ਤਿੱਨ ਪ੍ਰਕਾਰ ਦਾ ਹੀ ਤਪ, ਜੋ ਫਲ ਦੀ ਇੱਛਾ ਤਿਆਗ ਕੇ, ਸ਼੍ਰਧਾ ਨਾਲ ਯੁਕਤ ਹੋ ਕੇ ਕੀਤਾ ਜਾਵੇ, ਤਾਂ ਸਾਤਿਵਕ ਕਹਾਉਂਦਾ ਹੈ॥17॥

ਜੋ ਤਪ ਸਤਕਾਰ, ਮਾਨ, ਪੂਜਾ ਅਤੇ ਦਿਖਾਵੇ ਲਈ ਕੀਤਾ ਜਾਵੇ, ਉਹ ਚੰਚਲ ਅਨਿਸਥਿਰ ਅਤੇ ਰਾਜਸੀ ਕਹਾਉਂਦਾ ਹੈ।। 18 ।।

ਜੋ ਤਪ ਮੂੜ੍ਹਤਾ ਪੂਰਵਕ, ਆਪਣੇ ਆਪ ਨੂੰ ਤਕਲੀਫ ਦੇ ਕੇ, ਦੂਜੇ ਦੇ ਨਾਸ ਅਰਥ ਕੀਤਾ ਜਾਵੇ ਉਹ ਤਾਮਸੀ ਕਹਾਉਂਦਾ ਹੈ॥19॥

ਜੋ ਦਾਨ ਦੇਸ਼ ਅਨਕੂਲ, ਸਮੇਂ ਸਿਰ, ਯੋਗ ਆਦਮੀ ਨੂੰ ਬਿਨਾ ਉਪਕਾਰ ਦੇ ਦਿਤਾ ਜਾਵੇ, ਉਹ ਦਾਨ ਸਤਿਵਕ ਹੈ॥20॥

ਜੋ ਦਾਨ ਕੁੱਛ ਬਦਲੇ ਵਿਚ ਲੈਣ ਲਈ, ਯਾ ਫਲ ਦੀ ਇੱਛਾ ਨਾਲ, ਜਾਂ ਕੁੜ੍ਹਦਿਆਂ ਹੋਇਆ ਦਿਤਾ ਜਾਵੇ, ਉਹ ਰਾਜਸੀ ਹੈ॥21॥

ਕੁਵੇਲੇ, ਕੁਥਾਂ ਅਤੇ ਅਯੋਗ ਆਦਮੀ ਨੂੰ ਨਿਰਾਦਰ ਅਤੇ ਤ੍ਰਿਸਕਾਰ ਨਾਲ ਦਿੱਤਾ ਦਾਨ ਤਾਮਸੀ ਹੈ॥22॥

"ਓਂ ਤੱਤ ਸਤ" ਇਹ ਤ੍ਰਿਬਿਧਿ ਸ਼ਬਦ ਬ੍ਰਹਮ ਵਾਚਕ ਹੈ । ਇਸ ਨਾਲ ਪਹਿਲੇ ਸਮੇਂ ਵਿਚ ਬ੍ਰਾਹਮਣ[100] ਵੇਦ ਅਤੇ ਯੱਗ ਰਚੇ ਗਏ॥23॥

ਇਸ ਲਈ ਬ੍ਰਹਮ ਦੇ ਗਿਆਤਾ “ਓ” ਸ਼ਬਦ ਨਾਲ ਯੱਗ ਦਾਨ ਅਤੇ ਤਪ ਸ਼ਾਸਤ੍ਰ ਬਿਧੀ ਅਨੁਸਾਰ ਅਰੰਭ ਕਰਦੇ ਹਨ॥24॥

ਮੁਕਤੀ ਚਾਹੁਣ ਵਾਲੇ, ਫਲ ਨਾ ਚਾਹੁੰਦੇ ਹੋਏ ਯੱਗ, ਤਪ, ਦਾਨ ਦੇ ਅਨੇਕ ਕਰਮ 'ਤੱਤ' ਸ਼ਬਦ ਉਚਾਰਨ ਕਰਦੇ ਹੋਏ ਕਰਦੇ ਹਨ॥25॥

ਹੇ ਪਾਰਥ ! 'ਸਤ' ਸ਼ਬਦ ਸੱਤ ਸਾਧੂ ਭਾਵ ਅਤੇ ਸ਼ੁਭ ਕਰਮ ਦੇ ਭਾਵ ਵਿਚ ਵਰਤਿਆ ਜਾਂਦਾ ਹੈ॥26॥

---

[100]ਬ੍ਰਾਹਮਣ = ਵੇਦ ਦਾ ਬ੍ਰਾਹਮਣ ਭਾਗ ।

ਸ਼੍ਰਧਾ ਨਾਲ ਯੱਗ ਤਪ ਅਤੇ ਦਾਨ ਕੀਤਾ ਹੋਇਆ ਭੀ 'ਸਤ' ਕਹਾਉਂਦਾ ਹੈ, ਅਤੇ ਈਸ਼੍ਵਰ ਅਰਥ ਕਰਮ ਕੀਤਾ ਹੋਇਆ ਭੀ 'ਸਤ' ਕਹਾਉਂਦਾ ਹੈ॥27 ॥

ਹੇ ਪਾਰਥ ! ਅਸ਼੍ਰਧਾ ਨਾਲ ਅਹੁਤੀ, ਦਾਨ ਤਪ ਯਾ ਕੋਈ ਕੀਤਾ ਹੋਇਆ ਕਰਮ ਸਭ"ਅਸੰਤ" ਕਹਾਉਂਦਾ ਹੈ । ਉਸ ਦਾ ਇਸ ਲੋਕ ਯਾ ਪ੍ਰਲੋਕ ਵਿਚ ਕੁਛ ਅਸਰ ਨਹੀਂ॥28॥

ਇਤਿ ਸ਼੍ਰੀ ਸ਼੍ਰਧਾ ਤ੍ਰੈ ਸ਼੍ਰੀ ਵਿਭਾਗ ਯੋਗ ਵਰਣਨ
ਨਾਮ ਸਤਾਰ੍ਹਵਾਂ ਅਧਯਾਯ॥

-0-

## ਅਠਾਰ੍ਹਵੇਂ ਅਧਜਾਯ ਦਾ ਸਾਰ

ਅਠਾਰ੍ਹਵੇਂ ਅਧਜਾਯ ਵਿਚ ਭਗਵਾਨ ਸਾਰੀ ਗੀਤਾ ਦੇ ਉਪਦੇਸ਼ ਦਾ ਖੁਲਾਸਾ ਕਰਕੇ ਦੁਹਰਾਉਂਦੇ ਹਨ। ਸਿੱਟਾ ਇਹ ਨਿਕਲਦਾ ਹੈ, ਕਿ ਕਿਉਂਕਿ ਆਦਮੀ ਕਰਮ ਕਰਨ ਤੋਂ ਬਿਨਾ ਰਹਿ ਹੀ ਨਹੀਂ ਸਕਦਾ, ਇਸ ਲਈ ਅਸਲੀ ਸੱਨਯਾਸ ਯਾ ਕਰਮ ਦਾ ਤਿਆਗ ਇਹੀ ਹੈ ਕਿ ਆਪਣੇ ਆਪ ਤੇ ਕਾਬੂ ਪਾਵੇ। ਸਤੋ ਗੁਣ ਨੂੰ ਪ੍ਰਧਾਨ ਕਰਕੇ ਕਰਮਾਂ ਦੇ ਫਲ ਦੀ ਕੋਈ ਵਾਸ਼ਨਾ ਨਾ ਰੱਖੋ। ਈਸ਼੍ਵਰ ਅਰਪਣ ਕਰਮ ਕਰੇ। ਵਿਵੇਕ ਦੁਆਰਾ ਨਿਰਣਾ ਕਰਕੇ ਕਿ ਕਿਹੜਾ ਕਰਮ ਕਰਨਾ ਉਸ ਦਾ ਫਰਜ਼ ਹੈ ? ਅਤੇ ਕਰਮ ਕਰਦਾ ਹੋਇਆ ਈਸ਼੍ਵਰ ਨੂੰ ਆਪਣਾ ਪਰਮ ਜਾਣਕੇ ਸਦੈਵ ਆਪਣੇ ਚਿੱਤ ਵਿਚ ਉਸ ਦਾ (ਈਸ੍ਵਰ ਦਾ) ਧਿਆਨ ਰੱਖੋ। ਅੰਤ ਵਿਚ ਭਗਵਾਨ ਸਭ ਉਪਦੇਸ਼ਾਂ ਦਾ ਸਾਰ ਉਪਦੇਸ਼ ਇਹ ਦੱਸਦੇ ਹਨ ਕਿ ਤਮਾਮ ਪ੍ਰਾਣੀਆਂ ਦੇ ਹਿਰਦੇ ਵਿਚ ਈਸ੍ਵਰ ਵਸਦਾ ਹੈ, ਅਤੇ ਆਪਣੀ ਮਾਯਾ ਨਾਲ ਸਾਰੇ ਜਗਤ ਨੂੰ ਐਸਾ ਚਲਾ ਰਿਹਾ ਹੈ, ਜੈਸਾ ਕਿ ਇਕ ਮਸ਼ੀਨ ਦੇ ਚੱਕ੍ਰ ਉੱਤੇ ਚੜੀਆਂ ਹੋਈਆਂ ਚੀਜ਼ਾਂ ਉਸ ਦੇ ਨਾਲ ਹੀ ਘੁੰਮਦੀਆਂ ਹਨ। ਆਦਮੀ ਨੂੰ ਚਾਹੀਦਾ ਹੈ ਕਿ ਉਹ ਈਸ਼੍ਵਰ ਨੂੰ ਐਸਾ ਜਾਣਕੇ ਉਸ ਦੀ ਸ਼ਰਣ ਲਵੇ। ਇਸ ਤਰਾਂ ਉਹ ਉਸ ਦੀ ਰਜ਼ਾ ਨੂੰ ਮੰਨ ਕੇ, ਉਸ ਦੇ ਭਾਣੇ ਵਿਚ ਮਿਲ ਕੇ ਕਰਮ ਦੇ ਫਲ ਦਾ ਭਾਗੀ ਨਹੀਂ ਰਹੇਗਾ, ਤੇ ਈਸ਼੍ਵਰ ਦੀ ਕ੍ਰਿਪਾ ਨਾਲ ਪਰਮ ਸ਼ਾਂਤੀ ਨੂੰ ਪ੍ਰਾਪਤ ਹੋਵੇਗਾ।

ਅਖੀਰ ਵਿਚ ਭਗਵਾਨ ਅਰਜਨ ਨੂੰ ਯਕੀਨ ਦਿਲਾਉਂਦੇ ਹਨ ਕਿ ਜੇ ਉਹ ਸਭ ਧਰਮਾਂ ਨੂੰ ਛੱਡਕੇ, ਕੇਵਲ ਭਗਵਾਨ ਦੀ ਸ਼ਰਣ ਲੈ ਲਵੇਗਾ, ਤਾਂ ਭਗਵਾਨ ਉਸ ਨੂੰ ਪਾਪਾਂ (ਸਭ ਕਰਮ ਫਲ) ਤੋਂ ਮੁਕਤਿ ਦੇਣਗੇ।

ਇਹ ਉਪਦੇਸ਼ ਸੁਣਕੇ ਅਰਜਨ ਦਾ ਮੋਹ ਅਤੇ ਅਗਿਆਨ ਸਭ ਦੂਰ ਹੋ ਜਾਂਦਾ ਹੈ ਅਤੇ ਉਹ ਧਰਮਾਨੁਸਾਰ ਯੁੱਧ ਕਰਨ ਲਈ ਤਿਆਰ ਹੋ ਜਾਂਦਾ ਹੈ।

-0-

## ਅਠਾਰ੍ਹਵਾਂ ਅਧਯਾਯ

ਅਰਜਨ ਓਵਾਚ :-

ਹੇ ਮਹਾਂਬਾਹੋ ! ਹੇ ਰਿਸ਼ੀਕੇਸ਼ ! ਹੇ ਕੇਸ਼ੀ ਨਿਸੂਦਨ ! ਤਿਆਗ ਅਤੇ ਸਨਿਆਸ ਨੂੰ ਜੁਦਾ ਜੁਦਾ ਜਾਣਨਾ ਚਾਹੁੰਦਾ ਹਾਂ॥1॥

ਸ੍ਰੀ ਭਗਵਾਨ ਬੋਲੇ :-

ਪੰਡਤ ਸਕਾਮ ਕਰਮਾਂ ਦੇ ਬੰਦ ਕਰ ਦੇਣ ਨੂੰ ਸਨਿਆਸ ਆਖਦੇ ਹਨ । ਗਿਆਨ ਸਭ ਕਰਮਾਂ ਦੇ ਫਲਾਂ ਦੇ ਤਿਆਗ ਨੂੰ ਤਿਆਗ ਆਖਦੇ ਹਨ॥2॥

ਕੁਛ ਵਿਦਵਾਨ ਆਖਦੇ ਹਨ ਕਿ ਸਭ ਕਰਮ ਦੇਖ ਯੁਕਤ ਹੋਣ ਕਰਕੇ ਤਿਆਗਣ ਯੋਗ ਹਨ । ਕਈ ਆਖਦੇ ਹਨ, ਯੱਗ ਦਾਨ ਅਤੇ ਤਪ ਦੇ ਕਰਮ ਨਹੀਂ ਤਿਆਗਣੇ ਚਾਹੀਦੇ॥3॥

ਹੇ ਭਰਤ ਸਤੱਮ[101] ! ਇਸ ਤਿਆਗ ਸਬੰਧੀ ਮੇਰਾ ਨਿਸਚਾ ਸੁਣ। ਹੇ ਪੁਰਸ਼ਾਂ ਵਿਚ ਸ਼ੇਰ ! ਤਿਆਗ ਤ੍ਰਿਬਿਧ ਕਿਹਾ ਗਿਆ ਹੈ॥4॥

ਯੱਗ ਦਾਨ ਅਤੇ ਤਪ ਦੇ ਕਰਮ ਤਿਆਗਣੇ ਨਹੀਂ ਚਾਹੀਦੇ, ਸਗੋਂ ਕਰਨੇ ਚਾਹੀਦੇ ਹਨ । ਯੱਗ, ਦਾਨ ਅਤੇ ਤਪ, ਬੁਧੀਵਾਨਾਂ ਨੂੰ ਪਵਿਤ੍ਰ ਕਰਨ ਵਾਲੇ ਹਨ॥5॥

ਹੇ ਪਾਰਥ ! ਇਰ ਕਰਮ ਸੰਗ ਅਤੇ ਫਲ ਨੂੰ ਤਿਆਗ ਕੇ ਕਰਨੇ ਚਾਹੀਦੇ ਹਨ। ਇਹੀ ਮੇਰਾ ਉਤਮ ਨਿਸਚਾ ਹੈ॥6॥

ਨੀਯਤ[102] ਕਰਮਾਂ ਤਿਆਗ ਠੀਕ ਨਹੀਂ । ਅਗਿਆਨ ਦੁਆਰਾ ਇਨ੍ਹਾਂ ਦਾ ਤਿਆਗ ਤਾਮਸਕ ਕਹਾਵੰਦਾ ਹੈ॥7॥

---

[101] ਭਰਤ ਸਤਮ -ਅਰਜਨ ਦਾ ਨਾਮ ਹੈ ।

ਕਰਮ ਦੇ ਕਰਨ ਨੂੰ ਦੁਖਦਾਈ ਸਮਝ ਕੇ ਅਤੇ ਦੇਹਿ ਨੂੰ ਤਕਲੀਫ ਹੋਣ ਦੇ ਡਰ ਤੇ ਜੋ ਕਰਮ ਨੂੰ ਤਿਆਗਦਾ ਹੈ ਇਹ ਰਾਜਸੀ ਤਿਆਗੂ ਹੈ । ਉਹ ਤਿਆਗ ਦੇ ਫਲ ਦਾ ਅਧਿਕਾਰੀ ਨਹੀਂ ਹੁੰਦਾ॥8॥

ਹੇ ਅਰਜਨ ! ਜਿਹੜਾ ਨੀਯਤ ਕੀਤਾ ਗਿਆ ਕਰਮ ਇਸ ਭਾਵ ਨਾਲ ਕਰਦਾ ਹੈ ਕਿ ਇਹ ਕਰਨਾ ਹੀ ਚਾਹੀਦਾ ਹੈ ਅਤੇ ਫਲ ਦੀ ਇੱਛਾ ਨਹੀਂ ਰਖਦਾ, ਉਹ ਸਾਤਿਵਕ ਤਿਆਗੀ ਹੈ॥9॥

ਜੋ ਤਿਆਗੀ ਸਤੋ ਗੁਣ ਨਾਲ ਭਰਪੂਰ, ਬੁਧੀਵਾਨ ਹੈ, ਅਤੇ ਜਿਸਦੇ ਸੰਸੇ ਦੂਰ ਹੋ ਗਏ ਹਨ, ਉਹ ਨਾ ਸੁਖਦਾਈ ਕਰਨ ਨਾਲ ਰਾਗ ਰਖਦਾ ਹੈ, ਅਤੇ ਨਾ ਦੁਖਦਾਈ ਕਰਮ ਤੋਂ ਦ੍ਵੈਸ਼ ਰਖਦਾ ਹੈ॥10॥

ਦੇਹਿ ਧਾਰੀ ਸਭ ਕਰਮ ਨੂੰ ਤਿਆਗ ਨਹੀ ਸਕਦੇ, ਜੋ ਕਰਮ ਦਾ ਫਲ ਤਿਆਗੇ ਉਹੀ ਤਿਆਗੀ ਹੈ॥11॥

ਜੋ ਤਿਆਗੀ ਨਹੀਂ ਉਸ ਵਾਸਤੇ ਮਰਨ ਦੇ ਪਿੱਛੋਂ ਤਿੱਨਾਂ ਭਾਂਤਾਂ ਦੇ ਕਰਮ ਫਲ ਹਨ; ਅਛਾ, ਬੁਰਾ, ਅ ਅਛਾ ਬੁਰਾ ਮਿਲਿਆ ਹੋਇਆ, ਸਨਿਆਸੀ ਵਾਸਤੇ ਕੋਈ ਫਲ ਨਹੀਂ॥12॥

ਹੇ ਮਹਾਂ ਬਾਹੋ ! ਸਭ ਕਰਮਾਂ ਦੀ ਸਿੱਧੀ ਲਈ ਸਾਂਖ ਸਿਧਾਂਤ ਅਨੁਸਾਰ ਪੰਜ ਕਾਰਣ ਕਹੇ ਗਏ ਹਨ ਸੋ ਮੇਤੋਂ ਸੁਣ॥13॥

ਸਰੀਰ, (ਕਰਮਦਾ) ਕਰਤਾ, ਇੰਦ੍ਰੀਆਂ, ਅਨੇਕ ਪ੍ਰਕਾਰ ਦੀ ਚੇਸ਼ਟਾ ਅਤੇ ਪੰਜਵਾਂ ਕਾਰਣ ਦੈਵ[103]॥14॥

ਜੋ ਕਰਮ ਭੀ ਆਦਮੀ ਸਰੀਰ, ਵਾਕ, ਯਾ ਮਨ ਨਾਲ ਨਿਆਇ ਅਨੁਸਾਰ ਯਾ ਉਲਟ ਅਰੰਭ ਕਰਦਾ ਹੈ ਉਸਦੇ ਏਹੋ ਪੰਜ ਕਾਰਣ ਹੁੰਦੇ ਹੈ॥15॥

---

[102] ਨੀਯਤ=ਜੋ ਕਰਮ ਕਿਸੇ ਧਰਮ ਅਨੁਸਾਰ ਨੀਯਤ ਕੀਤੇ ਗਏ ਹੋਣ ।

[103] ਦੈਵ=ਇੰਦ੍ਰੀਆਂ ਦੇ ਦੇਵਤਾ।

ਇਸ ਲਈ ਜੋ ਬੁੱਧੀ ਹੀਨ ਸੁੱਧ ਆਤਮਾ ਨੂੰ ਹੀ ਕਰਤਾ ਜਾਣਦਾ ਹੈ ਉਹ ਦੁਰਮਤਿ ਵਾਲਾ ਠੀਕ ਨਹੀ ਦੇਖਦਾ॥16॥

ਜੋ 'ਅੰਹੰ' ਭਾਵ ਤੋਂ ਰਹਿਤ ਹੈ, ਜਿਸਦੀ ਬੁੱਧੀ ਲਿਪਾਇਮਾਨ ਨਹੀਂ ਹੁੰਦੀ ਉਹ ਇਨ੍ਹਾਂ ਨੂੰ ਮਾਰਦਾ ਹੋਇਆ ਭੀ ਨਹੀਂ ਮਾਰਦਾ, ਤੇ ਨਾ ਹੀ (ਕਰਮ ਦੇ ਬੰਦ ਨਾਲ) ਬਝਦਾ ਹੈ।। 17॥

ਗਿਆਨ, ਗੇਯ, ਅਤੇ ਗਿਆਤਾ ਇਹ ਤਿੱਨ ਕਰਮ ਕਰਾਉਣ, ਦੇ ਪ੍ਰੇਰਕ ਹਨ । ਕਰਣ[104] ਕ੍ਰਿਆ ਅਤੇ ਕਰਤਾ, ਇਨ੍ਹਾਂ ਤਿਹਾਂ ਦੇ ਸੰਯੋਗ ਨਾਲ ਕਰਮ ਬਣਦਾ ਹੈ॥18॥

ਗਿਆਨੁ, ਕਰਮ ਅਤੇ ਕਰਤਾ ਭੀ ਗੁਣਾਂ ਭੇਦ ਕਰਕੇ ਤਿੱਨ ਤਿੱਨ ਪ੍ਰਕਾਰ ਦੇ ਕਹੇ ਗਏ ਹਨ । ਉਨ੍ਹਾਂ ਨੂੰ ਭੀ ਤੂੰ ਭਲੀ ਪ੍ਰਕਾਰ ਸੁਣ॥19॥

ਜਿਸ ਗਿਆਨ ਕਰਕੇ ਸਭ ਜੀਵਾਂ ਵਿਚ ਇੱਕੋ ਹੀ ਅਵਿਨਾਸ਼ੀ ਤੱਤ ਦਿਖਾਈ ਦੇਵੇ ਅਤੇ ਭਿੰਨ ਭਿੰਨ ਵਿਚ ਅਭਿੱਨ ਭਾਵ ਦਿਖਾਈ ਦੇਵੇ, ਉਹ ਸਾਤਿਵਕ ਗਿਆਨੁ ਹੈ॥20॥

ਜਿਸ ਗਿਆਨ ਕਰਕੇ ਸਭ ਜੀਵਾਂ ਵਿਚ ਰਹਿਣ ਵਾਲਾ (ਇਕ ਤੱਤ) ਭਿੱਨ ਭਿੱਨ ਦਿਖਾਈ ਦੇਵੇ ਉਹ ਰਾਜਸੀ ਗਿਆਨੁ ਹੈ॥21॥

ਅਤੇ ਉਹ ਜੋ ਇਕ ਹੀ ਵਸਤੂ ਵਿਚ ਸੰਪੂਰਣ ਸਮਝੇ ਉਹ ਥੋੜੀ ਬੁੱਧੀ ਵਾਲਾ ਅਸਲੀ ਤੱਤ ਨੂੰ ਨਾ ਗ੍ਰਹਣ ਕਰਦਾ ਹੋਇਆ ਤਾਮਸੀ ਗਿਆਨੁ ਹੈ॥22॥

ਜੋ ਨੀਯਤ ਕਰਮ ਸੰਗ, ਰਾਗ ਅਤੇ ਦ੍ਵੈਸ਼ ਤੋਂ ਰਹਿਤ ਬਿਨਾ ਫਲ ਦੀ ਇੱਛਾ ਦੇ ਕੀਤਾ ਜਾਵੇ, ਉਹ ਸਾਤਿਵਕ ਕਹਾਉਂਦਾ ਹੈ॥23॥

ਜੋ ਕਰਮ ਕਾਮਨਾ ਅਹੰਕਾਰ ਅਤੇ ਬਹੁਤ ਕੋਸ਼ਸ਼ ਨਾਲ ਕੀਤਾ ਜਾਵੇ ਉਹ ਰਾਜਸਿ ਹੈ॥24॥

ਜੋ ਕਰਮ, ਨਤੀਜਾ, ਹਾਨੀ, ਹਿੰਸਾ ਅਤੇ ਸਮਰੱਥਾ ਨੂੰ ਨਾ ਵਿਚਾਰ ਕੇ ਅਨ੍ਹੇਵਾਹ ਅਰੰਭ ਕੀਤਾ ਜਾਂਦਾ ਹੈ, ਉਹ ਤਾਮਸਿਕ ਹੈ॥25॥

---

[104] ਕਰਨ=ਜਿਸ ਨਾਲ ਕ੍ਰਿਆ ਕੀਤੀ ਜਾਂਦੀ ਹੈ

ਸੰਗ ਤੋਂ ਰਹਿਤ, ਨਿਰਹੰਕਾਰੀ, ਧੀਰਜੀ, ਉਤਸ਼ਾਹ ਵਾਲਾ, ਸਫਲਤਾ ਤੇ ਅਸਫਲਤਾ ਵਿਚ ਨਿਰਵਿਕਾਰ ਰਹਿਕੇ ਜੋ ਕਰਦਾ ਹੈ ਉਹ ਸਾਤਿਵਕ ਹੈ॥26॥

ਰਾਗੀ, ਕਰਮਾਂ ਦੇ ਫਲ ਦੀ ਇੱਛਾ ਰੱਖਣ ਵਾਲਾ, ਲੋਭੀ, ਹਿੰਸਾ ਦੇ ਭਾਵ ਵਾਲਾ ਅਪਵਿਤ੍ਰ , ਹਰਖ ਸੰਗ ਕਰਨ ਵਾਲਾ (ਐਸਾ) ਕਰਤਾ ਰਾਜਸਿ ਹੈ॥27॥

ਬੇ ਯੁਕਤਾ, ਜਾਹਲ, ਹਠੀ, ਸਨ, ਕੁਕਰਮੀ, ਆਲਸੀ, ਵਿਖਾਧੀ, ਸਮੇਂ ਸਿਰ ਨਾ ਕਰਨ ਵਾਲਾ, ਐਸਾ ਕਰਤਾ ਤਾਮਸੀ ਹੈ॥28॥

ਹੇ ਧਨੰਜਯ ! ਬੁੱਧੀ ਅਤੇ ਧੀਰਜਤਾ ਦੇ ਗੁਣਾਂ ਕਰਕੇ ਤਿੰਨੋ ਪ੍ਰਕਾਰ ਦੇ ਭੇਦ ਹਨ, ਸੋ ਭੀ ਤੂ ਮੇਰੇ ਪਾਸੋਂ ਅਲੱਗ ਅਲੱਗ ਸੁਣ॥29॥

ਹੇ ਪਾਰਥ ! ਜਿਸ ਬੁੱਧੀ ਨਾਲ ਜਾਣਿਆਂ ਜਾਂਦਾ ਹੈ ਕਿ ਕਦ ਪ੍ਰਵ੍ਰਿਤਣਾ ਅਤੇ ਕਦ ਨਿਵ੍ਰਿਤਣਾ ਹੈ ? ਕੀ ਕਰਨਾ ਯੋਗ ਤੇ ਕੀ ਅਯੋਗ ਹੈ ? ਭੈ ਅਤੇ ਅਭੈ, ਬੰਧਨ ਅਤੇ ਮੋਖ, ਕੀ ਹੈ ? ਉਹ ਸਾਤਿਵਕ ਹੈ॥30॥

ਹੇ ਪਾਰਥ ! ਜਿਸ ਨਾਲ ਧਰਮ ਅਧਰਮ, ਕਰਨ ਯੋਗ ਅਭੇ ਨਾ ਕਰਨ ਯੋਗ, ਠੀਕ ਨਹੀਂ ਸਮਝਦਾ ਉਹ ਬੁੱਧੀ ਰਾਜਸੀ ਹੈ॥31॥

ਹੇ ਪਾਰਥ ! ਜਿਸ ਅਗਿਆਨ ਬ੍ਰਿਤੀ ਦੀ ਬੁੱਧੀ ਕਰਕੇ ਅਦਮੀ ਅਧਰਮ ਨੂੰ ਧਰਮ ਅਤੇ ਸਭ ਕੁਛ ਉਲਟਾ ਹੀ ਸਮਝਦਾ ਹੈ, ਉਹ ਤਾਮਸੀ ਬੁੱਧੀ ਹੈ॥32॥

ਹੇ ਪਾਰਥ ! ਯੋਗ ਦੁਆਰਾ ਏਕਾਗਰ ਹੋਈ ਹੋਈ ਜਿਸ ਧ੍ਰਿਤੀ[105] ਕਰਕੇ ਮਨੁ ਪ੍ਰਾਣ ਅਤੇ ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਰੋਕਦਾ ਹੈ, ਉਹ ਸਾਤਿਵਕ ਹੈ॥33॥

ਹੇ ਅਰਜਨ ! ਜਿਸ ਧ੍ਰਿਤੀ ਕਰਕੇ ਸੰਗ ਦੁਆਰਾ ਫਲ ਦੀ ਇੱਛਾ ਕਰਕੇ ਧਰਮ ਅਰਥ ਅਤੇ ਕਾਮ ਦੀ ਧਾਰਨਾ ਕਰਦਾ ਹੈ—ਹੇ ਪਾਰਥ !—ਉਹ ਰਾਜਸੀ ਧ੍ਰਿਤੀ ਹੈ॥34॥

ਹੇ ਪਾਰਥ ! ਜਿਸ ਧ੍ਰਿਤੀ ਕਰਕੇ ਮੂੜ ਆਦਮੀ ਸੁਫਨਾ, ਭੈ ,ਸ਼ੋਕ, ਦੁਖ ਅਤੇ ਮਦ ਨੂੰ ਗ੍ਰਹਣ ਕਰਦੇ ਹਨ, ਉਹ ਧ੍ਰਿਤੀ ਤਾਮਸੀ ਹੈ॥35॥

---

[105]ਧ੍ਰਿਤੀ = ਧੀਰਜ, ਬਰਦਾਸ਼ਤ ਕਰਨ, ਧਾਰਨਾ ।

ਹੇ ਭਰਤਰ-ਸ਼ਭ ! ਹੁਣ ਤੂੰ ਮੇਰੇ ਪਾਸੋਂ ਤਿੱਨ ਪ੍ਰਕਾਰ ਦਾ ਸੁਖ ਸੁਣ, ਜਿਦ੍ਹੇ ਨਾਲ ਅਭਿਆਸ ਦੁਆਰਾ ਦੁੱਖ ਮਿੱਟ ਜਾਂਦਾ ਹੈ॥36॥

ਜੋ ਪਹਿਲਾਂ ਬਿਖ ਦੀ ਨਿਆਇ ਮਲੂਮ ਹੁੰਦਾ ਹੈ, ਪਰ ਵਲ ਜਿਸ ਜਾ ਅਮ੍ਰਿਤ ਹੈ, ਉਹ ਸੁਖ ਆਤਮਾ ਗਿਆਨ ਵਿਚੋਂ ਉਪਜਿਆ ਹੋਇਆ ਸਾਤਿਵਕ ਹੈ॥37॥

ਜੋ ਸੁਖ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ ਨਾਲ ਹੁੰਦਾ ਹੈ, ਪਹਿਲਾਂ ਅਮ੍ਰਿਤ ਵਰਗਾ, ਪਰ ਫਲ ਜਿਸ ਦਾ ਬਿਖ ਦੀ ਨਿਆਈਂ ਹੈ, ਉਹ ਸੁਖ ਰਾਜਸੀ ਹੈ॥38॥

ਜੇ ਸੁਖ ਆਪ ਨੂੰ ਪਹਿਲਾਂ ਅਤੇ ਪਿੱਛੋ ਮੋਹ ਵਿਚ ਪਾਉਣ ਵਾਲਾ ਹੈ, ਅਤੇ ਨੀਂਦ ਆਲ ਅਤੇ ਪ੍ਰਮਾਦ ਤੋਂ ਉਤਪਨ ਹੁੰਦਾ ਹੈ। ਉਹ ਤਾਮਸੀ ਹੈ॥39॥

ਇਸ ਲੋਕ ਵਿੱਚ ਸੂਰਗ ਵਿਚ ਯਾ ਦੇਵਤਿਆਂ ਵਿੱਚ ਕੋਈ ਭੀ ਜੀਵ ਨਹੀਂ ਜੋ ਇਨ੍ਹਾਂ ਪ੍ਰਕ੍ਰਿਤੀ ਵਿਚੋਂ ਉਪਜੇ ਹੋਏ ਤਿੰਨਾਂ ਗੁਣਾਂ ਤੋਂ ਰਹਿਤ ਹੋਵੇ॥40॥

ਹੇ ਪਰੰਤਪ ! ਬ੍ਰਾਹਮਣ, ਛੱਤ੍ਰੀ, ਵੈਸ਼ ਅਤੇ ਸ਼ੂਦਰ, ਇਨ੍ਹਾਂ ਚੌਹਾਂ ਵਰਣਾਂ ਦੇ ਕਰਮ[106] ਪ੍ਰਕ੍ਰਿਤੀ ਵਿਚੋਂ ਹੋਏ ਹੋਏ ਗੁਣਾ ਅਨੁਸਾਰ ਜੁਦੇ ਜੁਦੇ ਬਣਾਏ ਗਏ ਹਨ॥41॥

ਸਮ, ਦਮ, ਤਪ, ਸਫਾਈ, ਖਿਮਾ, ਨਿਮ੍ਰਤਾ, ਗਿਆਨ, ਵਿਗਿਆਨ, ਆਸਤਕਤਾ, ਬ੍ਰਾਹਮਣ ਦੇ ਸੁਭਾਵਕ ਕਰਮ ਹਨ॥42॥

ਬਹਾਦੁਰੀ, ਤੇਜ, ਧੀਰਜ ਚਤੁਰਾਈ, ਯੁੱਧ ਤੋਂ ਨਾ ਭੱਜਣਾ, ਉਦਾਰਤਾਂ ਤੋਂ ਈਸ਼੍ਵਰ ਛੱਤ੍ਰੀ ਦਾ ਸੁਭਾਵਕ ਕਰਮ ਹੈ॥43॥

ਖੇਤੀ ਕਰਨੀ, ਗਊ ਰੱਖਿਆ ਕਰਨੀ ਅਤੇ ਵਿਪਾਰ ਕਰਨਾ ਇਹ ਵੈਸ਼ ਦਾ ਸੁਭਾਵਕ ਕਰਮ ਹੈ । ਸ਼ੂਦਰ ਦਾ ਸੁਭਾਵਕ ਕਰਮ ਸੇਵਾ ਕਰਨੀ ਹੈ॥44॥

ਆਪਣੇ ਆਪਣੇ ਕਰਮ ਵਿਚ ਤਤ ਪਰ ਰਹਿਣ ਨਾਲ ਆਦਮੀ ਸਿੱਧੀ ਪਾਉਂਦਾ ਹੈ । ਆਪਣੇ ਕਰਮ ਵਿਚ ਤਤ ਪਰ ਰਹਿਕੇ ਆਦਮੀ ਜਿਸ ਤਰਾਂ ਸਿਧੀ ਪਾਉਂਦਾ ਹੈ, ਉਹ ਸੁਣ॥45॥

---

[106] ਕਰਮ=ਧਰਮ ।

ਜਿਸ ਤੋਂ ਸਭ ਜੀਵਾਂ ਦੀ ਪ੍ਰਵ੍ਰਿਤੀ[107] ਹੁੰਦੀ ਹੈ, ਜੋ ਸਭ ਵਿਚ ਵਿਆਪ ਰਿਹਾ ਹੈ, ਜੋ ਉਸ ਨੂੰ ਆਪਣੇ ਕਰਮ[108] ਵਿਚ ਤਤ ਪਰ ਰਹਿਕੇ ਪੂਜਦਾ ਹੈ, ਉਹੀ ਸਿੱਧੀ ਪਾਉਂਦਾ ਹੈ॥46॥

ਪਰਾਏ ਉੱਤਮ ਧਰਮ ਨਾਲੋਂ ਆਪਣਾ ਧਰਮ ਗੁਣ ਰਹਿਤ ਭੀ ਅਛਾ ਹੈ, ਆਪਣੇ ਸੁਭਾਵਕ ਧਰਮ ਦੇ ਕਰਨ ਨਾਲ ਪਾਪ ਨਹੀਂ ਲਗਦਾ॥47॥

ਹੇ ਕੌਂਤੇਯ ! ਆਪਣੇ ਸੁਭਾਵਕ ਕਰਮ ਨੂੰ ਦੋਖ ਸਹਿਤ ਹੁੰਦਿਆਂ ਭੀ ਨਹੀਂ ਛੱਡਣਾ ਚਾਹੀਦਾ, ਕਿਉਂਕਿ ਧੂੰਏਂ ਵਿਚ ਅੱਗ ਵਾਂਗ ਸਭ ਹੀ ਕਰਮ ਕਿਸੇ ਨਾ ਕਿਸੇ ਦੋਸ਼ ਨਾਲ ਢਕੇ ਹੋਏ ਹਨ॥48॥

ਜਿਸ ਦੀ ਬੁੱਧੀ ਸਰਵੱਤ੍ਰ ਨਿਰਲੇਪ ਹੈ, ਜਿਸ ਨੇ ਆਪਣੇ ਆਪ ਨੂੰ ਵੱਸ ਕਰ ਲਿਆ ਹੈ, ਜਿਸ ਨੂੰ ਕੋਈ ਇੱਛਾ ਨਹੀਂ ਰਹੀ, ਐਸਾ ਆਦਮੀ ਤਿਆਗ ਰੂਪੀ ਸਨਿਆਸ ਤੋਂ ਨਿਸ਼ਕਰਮ ਸਿੱਧੀ ਪਾਉਂਦਾ ਹੈ॥49॥

ਹੇ ਕੌਂਤੇਯ ! ਸਿੱਧ ਪੁਰਸ਼ ਨਿਸ਼ਕਰਮ ਸਿੱਧੀ ਨੂੰ ਪਾਕੇ ਜਿਸ ਤਰਾਂ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ, ਸੋ ਮੈਂ ਸੰਖੇਪ ਨਾਲ ਸੁਣਾਉਂਦਾ ਹਾਂ, ਤੂੰ ਸੁਣ। ਇਹ ਗਿਆਨ ਦੀ ਪਰਾ ਨਿਸ਼ਟਾ ਹੈ॥50॥

ਸੁੱਧ ਬੁੱਧੀ ਨਾਲ ਯੁਕਤ ਆਪਣੇ ਆਪ ਨੂੰ ਨਾਲ ਕਾਬੂ ਕੀਤਾ ਹੋਇਆ, ਸ਼ਬਦਾਦਿ ਵਿਸ਼ਿਆ ਨੂੰ ਤਿਆਗਕੇ ਰਾਗ ਦ੍ਵੈਸ਼ ਨੂੰ ਦੂਰ ਕਰਕੇ॥51॥

ਏਕਾਂਤ ਵਾਸੀ, ਥੋੜਾ ਤੇ ਹਲਕਾ ਖਾਣ ਵਾਲਾ, ਅਤੇ ਜਿਸਨੇ, ਬਾਣੀ ਸਰੀਰ ਤੇ ਮਨ ਉਤੇ ਕਾਬੂ ਪਾਇਆ ਹੋਇਆ ਹੈ, ਧਿਆਨ ਅਤੇ ਯੋਗ ਵਿਚ ਸਦਾ ਇਸਥਿਤ, ਪੂਰਣ ਵੈਰਾਗਵਾਨ,॥52॥

---

[107]ਪ੍ਰਵ੍ਰਿਤੀ=ਉਤਪਤੀ ।

[108] ਕਰਮ=ਏਥੇ ਕਰਮ ਦਾ ਅਰਥ, ਆਪਣੀ ਡੀਉਟੀ, ਆਪਣਾ ਫਰਜ਼ ਅਥਵਾ ਆਪਣਾ ਧਰਮ ਹੈ ।

ਅਹੰਕਾਰ, ਬਲ, ਘੁਮੰਡ, ਕਾਮ, ਕ੍ਰੋਧ, ਪਰਿਗ੍ਰਹ, ਮਮਤਾ ਇਹ ਸਭ ਤਿਆਗਕੇ ਜੋ ਆਦਮੀ ਸ਼ਾਂਤ ਹੈ ਉਹ ਬ੍ਰਹਮ (ਦੀ ਅਵਸਥਾ) ਨੂੰ ਪ੍ਰਾਪਤ ਹੋਣ ਦੇ ਯੋਗ ਹੈ॥53॥

ਬ੍ਰਹਮ (ਦੀ ਅਵਸਥਾ) ਨੂੰ ਪ੍ਰਾਪਤ ਹੋਇਆ ਹੋਇਆ ਪ੍ਰਸੱਨ ਆਤਮਾ ਨਾ ਸ਼ੋਕ ਕਰਦਾ ਹੈ ਤੇ ਨਾ ਅਭਿਲਾਸ਼ਾ ਕਰਦਾ ਹੈ । ਸਾਰੇ ਜੀਵਾਂ ਵਿਚ ਸਮ ਭਾਵ ਰੱਖਣ ਵਾਲਾ ਇਹ ਮੇਰੀ ਪਰਾ ਭਗਤੀ ਨੂੰ ਪਾਉਂਦਾ ਹੈ॥54॥

ਉਹ ਭਗਤੀ ਕਰਕੇ ਮੈਨੂੰ ਠੀਕ ਤਰਾਂ ਨਾਲ ਜਾਣਦਾ ਹੈ ਕਿ ਕੀ ਮੈਂ ਕੋਣ ਅਤੇ ਕੀ ਹਾਂ? ਮੈਨੂੰ ਇਸ ਤਰ੍ਹਾਂ ਯਥਾਰਥ ਜਾਣਕੇ ਮੇਰੇ ਵਿਚ ਪ੍ਰਵੇਸ਼ ਕਰਦਾ ਹੈ॥55॥

ਮੇਰੇ ਆਸਰੇ ਹੋਇਆ ਹੋਇਆ, ਮੇਰੀ ਕ੍ਰਿਪਾ ਨਾਲ ਉਹ ਸਦਾ ਸਾਰੇ ਕਰਮ ਕਰਦਾ ਹੋਇਆ ਅਬਿਨਾਸ਼ੀ ਅਤੇ ਅਨਾਦਿ ਪਰਮ ਪਦ ਨੂੰ ਪਾਉਂਦਾ ਹੈ॥56॥

ਮਨ ਕਰਕੇ ਸਾਰੇ ਕਰਮ ਮੇਰੇ ਅਰਪਣ ਕਰੁ । ਮੈਨੂੰ ਹੀ ਪਰਮ ਜਾਣੁ, ਬੁੱਧੀ[109] ਯੋਗ ਦੇ ਆਸਰੇ ਹੋ, ਸਦਾ ਮੇਰੇ ਵਿਚ ਚਿਤ ਰੱਖੁ॥57॥

ਮੇਰੇ ਵਿਚ ਚਿੱਤ ਬ੍ਰਿਤੀ ਦੇਕੇ ਤੂੰ ਮੇਰੇ ਪ੍ਰਸਾਦ ਨਾਲ ਸਾਰੀ ਮੁਸ਼ਕਲ ਨੂੰ ਤਰ ਜਾਵਾਂਗਾ, ਪਰ ਜੇਕਰ ਅਹੰਕਾਰ[110] ਕਰਕੇ ਨਹੀਂ ਸੁਣੇਂਗਾ ਤਾਂ ਤੇਰਾ ਨਸ਼ਟ ਹੋ ਜਾਵੇਗਾ॥58॥

ਜੇ ਕਰ ਅਹੰਕਾਰ ਆਸਰੇ ਤੂੰ ਕਹੇਂ "ਮੈਂ ਯੁੱਧ ਨਹੀਂ ਕਰਾਂਗਾ" ਤਾਂ ਇਹ ਤੇਰਾ ਕਹਿਣਾ ਬੇ ਅਰਥ ਹੈ, ਕਿਉਂਕਿ ਤੇਰੀ ਆਪਣੀ ਪ੍ਰਕ੍ਰਿਤੀ ਤੈਨੂੰ (ਲੜਨ ਵਲ) ਪ੍ਰਵ੍ਰਿਤ ਕਰੇਗੀ॥59॥

ਹੇ ਕੌਂਤੇਯ ! ਆਪਣੇ ਸੁਭਾਵ ਤੋਂ ਉਪਜੇ ਹੋਏ ਕਰਮ ਨਾਲ ਤੂੰ ਬੰਨ੍ਹਿਆ ਹੋਇਆ ਹੈ । ਜੇ ਅਗਿਆਨ ਕਰਕੇ ਤੂੰ ਉਹ ਕਰਮ ਨਾ ਭੀ ਕਰਨਾ ਚਾਹੇਂ ਤਦ ਭੀ ਤੈਨੂੰ ਅਵੱਸ਼ ਕਰਨਾ ਪਵੇਗਾ॥60॥

---

[109]ਬੁਧੀ ਯੋਗ=ਸੱਤ ਅਸੱਤ ਵੀ ਵਿਚਾਰ ।

[110] ਅਹੰਕਾਰ=ਇਸ ਅਹੰਕਾਰ ਦਾ ਅਰਥ ਆਪਣੀ 'ਖੁਦੀ' ਦੇ ਕਾਰਣ ਜੋ ਹਠ ਧਰਮੀ ਪੈਦ ਹੋ ਗਈ ਹੈ ਉਹ ਹੈ ।

ਹੇ ਅਰਜਨ ! ਈਸ਼੍ਵਰ ਸਭ ਜੀਵਾਂ ਦੇ ਹਿਰਦੇ ਵਿਚ ਵਸ ਰਿਹਾ ਹੈ, ਸਭ ਜੀਵਾਂ ਨੂੰ ਆਪਣੀ ਮਾਯਾ ਨਾਲ ਇਸ ਤਰਾਂ ਘੁਮਾ ਰਿਹਾ ਹੈ, ਜਿਸ ਤਰਾਂ ਕਿਸੇ ਯੰਤ੍ਰ[111] ਦੇ ਚੱਕਰ ਤੇ ਚੜੇ ਹੋਵਣ॥61॥

ਹੇ ਭਾਰਤ ! ਸਰਵ ਭਾਵ ਕਰਕੇ ਉਸੇ ਦੀ ਸ਼ਰਣ ਲੈ । ਉਸੇ ਦੀ ਕ੍ਰਿਪਾ ਨਾਲ ਹੀ ਨੂੰ ਸਦਾ[112] ਪਰਮ ਸ਼ਾਂਤ ਪਦ ਨੂੰ ਪਾਵੇਂਗਾ॥62॥

ਇਹ ਅਤੀ ਗੁਪਤ ਵਿੱਦਿਆ ਮੈਂ ਤੈਨੂੰ ਸੁਣਾਈ ਹੈ । ਇਸ ਉੱਤੇ ਪੂਰੀ ਵਿਚਾਰ ਕਰਕੇ ਫੇਰ 'ਜਿਵੇਂ ਤੂੰ ਚਾਹੇਂ ਤਿਵੇਂ ਕਰੁ॥63॥

ਫੇਰ ਮੇਰੇ ਪਰਮ ਗੁਪਤ ਅਤੇ ਉੱਤਮ ਬਚਨ ਸੁਣੁ, ਕਿਉਂਕਿ ਤੂੰ ਮੇਰਾ ਬੜਾ ਪਿਆਰਾ ਅਤੇ ਦ੍ਰਿੜ ਬੁੱਧੀ ਵਾਲਾ ਹੈ, ਇਸ ਲਈ ਤੇਰੇ ਲਾਭ ਹਿਤ ਮੈਂ ਆਖਦਾ ਹਾਂ॥64॥

ਮੇਰੇ ਵਿਚ ਹੀ ਮਨੁ ਲਾ, ਮੇਰਾ ਹੀ ਭਗਤ ਹੋ, ਮੇਰੇ ਨਮਿੱਤ ਹੀ ਯੱਗ ਕਰੁ, ਮੈਨੂੰ ਹੀ ਨਮਸਕਾਰ ਕਰੁ । ਮੈਂ ਪ੍ਰਤੱਗਿਆ ਕਰਦਾ ਹਾਂ ਕਿ ਤੂੰ ਮੈਨੂੰ ਪ੍ਰਾਪਤ ਹੋਵੇਂਗਾ। ਤੂੰ ਮੈਨੂੰ ਪਿਆਰਾ ਹੈ॥65॥

ਸਾਰੇ ਧਰਮਾਂ ਨੂੰ ਛੱਡਕੇ ਤੂੰ ਇਕ ਮੇਰੀ ਸ਼ਰਣ ਵਿਚ ਆ, ਮੈਂ ਤੈਨੂੰ ਸਭ ਪਾਪਾਂ ਤੋਂ ਮੁਕਤ ਕਰਾਂਗਾ ਤਾਂ ਚਿੰਤਾ ਨਾ ਕਰੁ॥66॥

ਜੋ ਤਪ ਤੋਂ ਰਹਿਤ ਹੈ, ਯਾ ਭਗਤੁ ਨਹੀਂ ਹੈ, ਯਾ ਇਸ ਦੇ ਸੁਣਨ ਦੀ ਚਾਹ ਨਹੀਂ ਰਖਦਾ, ਯਾ ਮੇਰੀ ਨਿੰਦਿਆ ਕਰਦਾ ਹੈ, ਤੂੰ ਇਹ ਉਪਦੇਸ਼ ਉਸਨੂੰ ਕਦੀ ਨਾ ਸੁਣਾ॥67॥

ਜੋ ਮੇਰੀ ਭਗਤੀ ਕਰਕੇ ਮੇਰੇ ਭਗਤਾਂ ਨੂੰ ਇਹ ਪਰਮ ਗੁਪਤ ਗਿਆਨ ਸੁਣਾਵੇਗਾ, ਉਸ ਨਿਰਸੰਦੇਹ ਮੈਨੂੰ ਆ ਮਿਲੇਗਾ॥68॥

---

[111] ਯੰਤ੍ਰ=ਮਸ਼ੀਨ ।

[112] ਸਦਾ=ਸ਼ਾਸਤ, ਸਦਾ ਰਹਿਣ ਵਾਲਾ, ਅਤੇ ਸਨਾਤਨ ।

ਆਦਮੀਆਂ ਵਿਚੋਂ ਕੋਈ ਐਸਾ ਆਦਮੀ ਨਹੀਂ ਜੋ ਇਸ ਨਾਲੋਂ ਵਧੀਕ ਮੇਰੀ ਪਿਆਰੀ ਸੇਵਾ ਕਰ ਸਕੇ, ਨਾ ਹੀ ਮੈਨੂੰ ਇਸ ਲੋਕ ਵਿਚ ਉਸ ਨਾਲੋਂ ਵਧੀਕ ਕੋਈ ਪਿਆਰਾ ਹੈ ਤੇ ਨਾ ਹੋਵੇਗਾ॥69॥

ਜੋ ਸਾਡੇ ਇਸ ਪਰਮ ਸੰਬਾਦ ਨੂੰ ਪੜੇਗਾ, ਮੈਂ ਸਮਝਾਂਗਾ ਕਿ ਉਸਨੇ ਗਿਆਨ ਯੱਗ ਦੁਆਰਾ ਮੇਰੀ ਪੂਜਾ ਕੀਤੀ ਹੈ॥70॥

ਜੋ ਆਦਮੀ ਸ਼੍ਰਧਾ ਪੂਰਵਕ, ਦੋਸ਼ ਦ੍ਰਿਸਟੀ ਨੂੰ ਤਿਆਗਕੇ, ਇਸਨੂੰ ਸੁਣੇਗਾ, ਉਹ ਭੀ ਪਾਪ ਤੋਂ ਛੁੱਟਕੇ ਪੁੰਨ ਕਰਮ ਕਰਨ ਵਾਲਿਆਂ ਦੇ ਅਛੇ ਲੋਕ ਨੂੰ ਪ੍ਰਾਪਤ ਹੋਊਗਾ॥71॥

ਹੇ ਪਾਰਥ ! ਕੀ ਤੈਂ ਇਹ ਇਕ ਚਿੱਤ ਹੋਕੇ ਸੁਣਿ ਹੈ ? ਹੇ ਧਨੰਜਯ ! ਕੀ ਤੇਰਾ ਅਗਿਆਨ ਤੋਂ ਉਤਪਨ ਹੋਇਆ ਮੋਹ ਦੂਰ ਹੋ ਗਿਆ ਹੈ ?॥72॥

ਅਰਜਨ ਉਵਾਚ :-

ਹੇ ਅਰੁੱਤ ! ਆਪ ਦੀ ਕ੍ਰਿਪਾ ਨਾਲ ਮੇਰਾ ਮੋਹ ਨਸ਼ਟ ਹੋ ਗਿਆ, ਅਤੇ ਮੈਨੂੰ ਗਿਆਨੂੰ ਪ੍ਰਾਪਤ ਹੋ ਗਿਆ ਹੈ। ਮੇਰੇ ਸੰਸ਼ੇ ਦੂਰ ਹੋ ਗਏ ਹਨ, ਮੈਂ ਹੁਣ ਇਸਥਿਤ ਹਾਂ, ਅਤੇ ਆਪਦੀ ਆ ਗਿਆ ਪਾਲਣ ਕਰੂੰਗਾ॥73॥

ਸੰਜਯ ਉਵਾਚ :-

ਇਸ ਤਰਾਂ ਰੋਮਾਂਚਕਾਰੀ ਵਾਸਦੇਵ ਤੇ ਅਰਜਨ ਦੋਹਾਂ ਮਹਾਤਮਾਂ ਦੇ ਅਧਭੂਤ ਸੰਬਾਦ ਨੂੰ ਮੈਂ ਸੁਣਿਆ ਹੈ॥74॥

ਸ੍ਰੀ ਵਿਆਸ ਦੀ ਕ੍ਰਿਪਾ ਨਾਲ ਮੈਂ ਇਹ ਪਰਮ ਗੁਪਤ ਯੋਗ ਦਾ ਸਬਾਦ ਪ੍ਰਤੱਖ ਯੋਗੇਸ਼੍ਵਰ ਸ੍ਰੀ ਕ੍ਰਿਸ਼ਨ ਦੇ ਆਪਣੇ ਮੁਖਾਰ ਬਿੰਦ ਤੋਂ ਸੁਣਿਆ ਹੈ॥75॥

ਹੇ ਰਾਜਨ ! ਕੇਸ਼ਵ ਅਤੇ ਅਰਜਨ ਦੇ ਇਸ ਅਦਭੁਤ ਅਤੇ ਪਵਿਤ੍ਰ ਸੰਬਾਦ ਨੂੰ ਮੈਂ ਬਾਰ ਬਾਰ ਸਿਮ੍ਰਣ ਕਰਕੇ ਬਾਰ ਬਾਰ ਪ੍ਰਸੰਨ ਹੁੰਦਾ ਹਾਂ॥76॥

ਹੇ ਰਾਜਨ ! ਹਰੀ ਦੇ ਉਸ ਅਧਭੁਤ ਰੂਪ ਦਾ ਸਿਮਰਣ ਕਰਕੇ ਮੈਨੂੰ ਬੜਾ ਅਸਚਰਯ ਹੁੰਦਾ ਹੈ, ਅਤੇ ਮੈਨੂੰ ਬਾਰ ਬਾਰ ਅਨੰਦ ਪ੍ਰਾਪਤ ਹੁੰਦਾ ਹੈ॥

ਜਿੱਥੇ ਯੋਗੇਸ਼੍ਵਰ ਸ੍ਰੀ ਕ੍ਰਿਸ਼ਨ ਅਤੇ ਧਨੁਖ ਧਾਰੀ ਪਾਰਥ ਹਨ, ਮੇਰਾ ਨਿਸਚਾ ਹੈ ਕਿ ਓਥੇ ਹੀ ਲੱਛਮੀ, ਜਿਤ, ਵਿਭੂਤੀ, ਅਚੱਲਤਾ ਅਤੇ ਨੀਤੀ ਰਹਿੰਦੇ ਹਨ॥78॥

ਇਤਿ ਸ੍ਰੀ ਮੋਖ ਸੰਨਯਾਸ ਯੋਗ ਵਰਣਨ
ਨਾਮ ਅਠਾਰ੍ਹਵਾਂ ਅਧਯਾਯ॥

-0-